ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਮਾਸਕ ੴ ਪੱਤਰ


ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਪਟਿਆਲਾ

ਮਈ ੧੯੬੯

MAY 1969



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦ ਪੁਰ ਸਾਹਿਬ)

www.AKJ.Org

# {} ਲੇਖ–ਸੂਚੀ {}


| ਨੰ. | ਲੇਖ | ਪੰਨਾ | ਲੇਖਕ |
|---|---|---|---|
| ੧ | ਸੰਪਾਦਕੀ (ਜਬ ਇਹ ਗਰੈ ਬਿਪਰਨ ਕੀ ਰੀਤ) | ੪ | ਸੰਪਾਦਕ |
| ੨ | ਹਰਿ ਕੀ ਸੇਵਾ | ੭ | ਗੁਰਪੁਰਵਾਸੀ ਭਾ. ਸਾ. ਭਾ. ਰਣਧੀਰ ਸਿੰਘ ਜੀ |
| ੩ | ਗੁਰ-ਸਿੱਖ ਮੀਤ | ੧੩ | ਗਿ. ਦਲਜੀਤ ਸਿੰਘ ਜੀ ਕਮਲ |
| ੪ | ਆਇਆ ਸਫਲ ਤਿਨਾ ਕਾ ਗਣੀਐ | ੧੭ | ਬੀਬੀ ਹਰਬੰਸ ਕੌਰ ਜੀ ਚੰਡੀਗੜ੍ਹ |
| ੫ | ਰਹਿਤ ਮਰਯਾਦਾ ਤੇ ਭਾਈ ਸਾਹਿਬ | ੧੮ | ਕਾਕਾ ਸਤਿਨਾਮ ਸਿੰਘ ਜੀ ਲੁਧਿਆਣਾ |
| ੬ | ਕੁਦਰਤ | ੨੧ | ਪ੍ਰਿੰਸੀਪਲ ਮੋਹਰ ਸਿੰਘ ਜੀ ਡੇਹਰਾਦੂਨ |
| ੭ | ਸ਼ਹੀਦਾਂ ਦੀ ਘਾਲਣਾ | ੨੪ | ਸ. ਜਗਤ ਸਿੰਘ ਜੀ 'ਜਗਤ' ਫਤੋਵਾਲ |
| ੮ | ਅਨਮੋਲ ਰਤਨ | ੨੮ | ਭਾ. ਮਨਮੋਹਨ ਸਿੰਘ ਜੀ (ਸੰਗ੍ਰਹਿ ਕਰਤਾ) |
| ੯ | ਗੁਰਮਤਿ ਅਤੇ ਵਰਣ ਆਸ਼ਰਮ ਧਰਮ (੪) | ੩੦ | ਪ੍ਰੋ. ਹਰਭਜਨ ਸਿੰਘ ਜੀ ਸੰਪਾਦਕ ਗੁਰਮਤਿ ਪ੍ਰਕਾਸ਼ ਅੰਮ੍ਰਿਤਸਰ |
| ੧੦ | ਐਡੀਟਰ ਦੀ ਡਾਕ | | ਸੰਪਾਦਕ |
| ੧੧ | ਹੁਕਮ ਮਨਿਐ ਹੋਵੈ ਪਰਵਾਨ | ੩੯ | ਗੁਰੂ ਨਾਨਕ ਸਤਿਸੰਗ ਸਭਾ, ਸਿੰਘਾਪੁਰ |


## ਸਹਾਇਤਾ

ਗੁਰਮੁਖ ਪਿਆਰਿਆਂ ਵਲੋਂ ਸਹਾਇਤਾ "ਸੂਰਾ"

| | |
|---|---|
| ਬੀਬੀ ਜਸਪਾਲ ਕੌਰ ਬੰਬਈ | 25-00 |
| ਸ. ਮਸਤਾ ਸਿੰਘ U.K. | 35-20 |
| ਸ. ਜੰਗੀਰ ਸਿੰਘ ਮਤਾ | 10-00 |
| ਸ. ਮੋਹਨ ਸਿੰਘ ਪ੍ਰੀਤਮ ਸਿੰਘ ਖਾਲਸੇ ਦੇ ਜਨਮ ਦਿਨ ਦੀ ਖੁਸ਼ੀ ਵਿਚ | 5-00 |
| ਸ. ਗੁਰਨਾਮ ਸਿੰਘ ਸੀਤਲ ਕੌਰ (ਇਗਲੈਂਡ) | 89-00 |

## ਮਾਸਕ ਪੱਤਰ "ਸੂਰਾ

ਦਾ ਸਾਲਾਨਾ ਚੰਦਾ

| | |
|---|---|
| ਦੇਸ਼ | 7 ਰੁਪਏ |
| ਪ੍ਰਦੇਸ਼ | 12 ਰੁਪਏ ਸਮੁੰਦਰੀ ਡਾਕ |
| ਪ੍ਰਦੇਸ਼ | 36 ਰੁਪਏ ਹਵਾਈ ਡਾਕ |

ਲਾਈਫ ਮੈਂਬਰ 150 ਰੁਪਏ

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




## ਗੁਰਮਤਿ ਪ੍ਰਚਾਰਕ ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4-(ਅ.ਪ:) ਮਿਤੀ 17-10-68-ਨੂੰ ਪ੍ਰਵਾਨ ਕੀਤਾ ਗਿਆ ਹੈ ।

ਜਿਲਦ ਨੰ: ੪ | ਵਿਸਾਖ—ਜੇਠ ੫੦੦ ਨਾਨਕ ਸ਼ਾਹੀ | ਅੰਕ ਨੰ: ੧


ਹਰਿ ਜੇਠਿ ਜੁੜੰਦਾ ਲੋੜੀਐ, ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ, ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ, ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ, ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ, ਸੋ ਕਰੇ, ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ, ਸੇਈ, ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ, ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗ ਮਥੰਨਿ ॥੪॥


ਮੁਖ ਸੰਪਾਦਕ :
ਪਿਆਰਾ ਸਿੰਘ


**ਮਈ ੧੯੬੯**

ਆਨਰੇਰੀ ਸੰਪਾਦਕ :
ਮਨੋਹਰ ਸਿੰਘ

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਮਈ ਨੂੰ ਪ੍ਰਕਾਸ਼ਤ ਕੀਤਾ।



www.AKJ.Org




# ਜਬ ਇਹ ਗਹੈ ਬਿਪਰਨ ਕੀ ਰੀਤ

ਉਪਰ ਲਿਖੇ ਸਿਰਲੇਖ ਦੀ ਤੁਕ ਦਸਮੇਸ਼ ਪਿਤਾ ਜੀ ਦੀ ਇਸ ਰਚਨਾ ਵਿਚੋਂ ਲਈ ਗਈ ਹੈ—

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈ ਨ ਕਰੋਂ ਇਨ ਕੀ ਪ੍ਰਤੀਤ ॥

ਜਦ ਤਾਈਂ ਖਾਲਸਾ ਨਿਆਰਾ ਹੈ ਭਾਵ ਜਗਤ ਨਾਲੋਂ ਵਖਰਾ ਹੈ, ਅਨੋਖਾ ਹੈ, ਗੁਰੂ ਸਾਹਿਬ ਵਾਇਦਾ ਕਰਦੇ ਹਨ ਕਿ ਤਦ ਤਕ ਖਾਲਸਾ ਗੁਰੂ ਸਾਹਿਬ ਦੀਆਂ ਸਰਬ ਸ਼ਕਤੀਆਂ ਦਾ ਮਾਲਕ ਹੈ। ਪਿਤਾ ਆਪਣੇ ਪੁਤਰਾਂ ਸਬੰਧੀ ਵਸੀਅਤ ਕਰਦਾ ਹੈ ਕਿ ਮੇਰੇ ਤੇਜ, ਮੇਰੀ ਸਾਰੀ ਜਾਇਦਦਾ ਮਾਲਕ ਉਹ ਪੁਤਰ ਹੋਵੇਗਾ ਜੋ ਮੇਰੇ ਇਸ ਹੁਕਮ ਦੀ ਪਾਲਨਾ ਕਰੇਗਾ। ਸ੍ਰੀ ਦਸਮੇਸ਼ ਪਿਤਾ ਆਪਣੇ ਖਾਲਸਾ ਪੁਤਰਾਂ ਨੂੰ ਆਪਣਾ ਸਾਰਾ ਤੇਜ ਸ਼ਕਤੀ ਦੇਂਦੇ ਹਨ ਪਰ ਕੇਵਲ ਉਦੋਂ ਤਾਈਂ ਜਦ ਤਾਈਂ ਖਾਲਸਾ ਉਨਾਂ ਦੇ ਦਰਸਾਏ ਹੋਏ ਨਿਆਰਾ ਪਨ ਦਾ ਅਨੁਸਾਰੀ ਹੋ ਕੇ ਇਸ ਜਗਤ ਤੇ ਵਿਚਰਦਾ ਹੈ। ਇਹ ਨਿਆਰਾਪਨ ਕੀ ਹੈ? ਇਸ ਸਬੰਧੀ ਸ੍ਰੀ ਗੁਰੂ ਅਮਰਦਾਸ ਜੀ ਪਹਿਲੇ ਹੀ ਫ਼ੁਰਮਾਨ ਕਰ ਚੁਕੇ ਹਨ —

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾ ਕੇਰੀ, ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰ ਤਜਿ ਤ੍ਰਿਸਨਾ ਬਹੁਤੁ ਨਾਹੀਂ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥
(ਰਾਮਕਲੀ ਮ: ੩ ॥ ਅਨੰਦ ॥)

ਭਗਤਾਂ ਦੀ ਚਾਲ ਸਦਾ ਹੀ ਨਿਰਾਲੀ ਰਹੀ ਹੈ। ਇਹ ਤਾਂ ਜੁਗਹੁ ਜੁਗ ਨਿਰਾਲੀ ਹੈ ਤੇ ਰਹੇਗੀ। ਕਿਉਂ ? ਇਸ ਲਈ ਕਿਉਂ ਕਿ ਇਹ ਅਤਿ ਬਿਖਮ-ਔਖਾ ਰਾਹ ਹੈ ਅਤੇ ਔਖੇ ਰਾਹ ਤੇ ਹਰ ਕੋਈ ਨਹੀਂ ਚਲ ਸਕਦਾ। ਆਮ ਜਨਤਾ ਸਦਾ ਹੀ ਸੁਖਾਲੇ ਰਾਹ ਅਪਨਾਣ ਦੇ ਜਤਨ ਕਰਦੀ ਹੈ ਜਿਸ ਨਾਲ ਉਹ ਇਸ ਦੁਨੀਆਂ ਤੇ ਰਹਿੰਦਿਆਂ ਹੋਇਆਂ ਆਪਣੀ ਤ੍ਰਿਸ਼ਨਾ ਦੀ ਤ੍ਰਿਪਤੀ ਲਈ ਹਰ ਯੋਗ ਅਯੋਗ ਢਗ ਵਰਤ ਸਕੇ। ਭਗਤਾਂ ਦੀ ਰਾਹ ਤੇ ਚਲਣ ਵਾਲੇ ਨੂੰ ਲਭ ਲੋਭ ਅਹੰਕਾਰ ਹੀ ਨਹੀਂ ਬਲਕਿ ਇਨਾਂ ਦੇ ਮੂਲ ਤ੍ਰਿਸ਼ਨਾ ਦਾ ਵੀ ਤਿਆਗ ਕਰਨਾ ਪੈਂਦਾ ਹੈ। ਗੁਰਸਿੱਖੀ ਮਾਰਗ ਤਾਂ ਹੈ ਹੀ ਨਿਰੋਲ ਭਗਤੀ ਮਾਰਗ। ਗੁਰਸਿੱਖੀ ਦਾ ਮੂਲ ਧੁਰਾ ਹੀ ਨਾਮ-ਸਿਮਰਨ ਹੈ। ਇਸੇ ਗੁਰਮਤਿ ਨਾਮ ਸਿਮਰਣ ਦੇ ਦੁਆਲੇ ਹੀ ਸਿੱਖੀ ਦੀ ਰੂਪ ਰੇਖਾ ਉਲੀਕੀ ਗਈ



www.AKJ.Org

ਹੈ। ਭਗਤੀ ਮਾਰਗ ਗੁਰਸਿੱਖੀ ਤੋਂ ਪਹਿਲਾਂ ਵੀ ਪ੍ਰਚਲਤ ਸੀ ਪਰ ਗੁਰਸਿੱਖੀ ਦਾ ਭਗਤੀ ਮਾਰਗ ਪਹਿਲੇ ਪ੍ਰਚਲਤ ਮਾਰਗ ਨਾਲੋਂ ਵਿਲਖਣ ਹੈ। ਗੁਰਸਿੱਖ ਨੇ ਦੁਨੀਆਂ ਵਿਚ ਰਹਿੰਦਿਆਂ ਹੋਇਆਂ, ਸਾਰੇ ਦੁਨਿਆਵੀ ਕਾਰਜ ਕਰਦਿਆਂ ਹੋਇਆਂ "ਨਾਮ" ਦੀ ਟੇਕ ਸਦਾ ਹੀ ਮਨ ਵਿਚ ਰਖਣੀ ਹੈ। ਸਚਮੁਚ ਹੀ ਅਤਿ ਬਿਖਮ ਰਾਹ ਹੈ, ਇਸੇ ਲਈ ਇਸ ਰਾਹ ਤੇ ਚਲਣ ਲਈ ਸਚੇ ਗੁਰੂ ਦੀ ਕਿਰਪਾ ਹੀ ਇਕੋ ਇਕ ਸਾਧਨ ਹੈ। ਸਤਿਗੁਰੂ ਦੇ ਪ੍ਰਸਾਦਿ ਕਰ ਹੀ ਆਪਣੀ ਮੱਤ ਨੂੰ ਤਿਆਗ ਕੇ ਹਰੀ ਵਿਚ ਆਪਣੀ ਵਾਸ਼ਨਾ ਨੂੰ ਲੀਨ ਕਰ ਸਕੀਦਾ ਹੈ। ਤੇ ਇਹ ਗਲ ਹੈ ਸਚ ਮੁਚ ਹੀ ਨਿਰਾਲੀ ਤੇ ਬਿਖਮ, ਦੁਨੀਆਂ ਨਾਲੋਂ ਵਖਰੀ। ਇਸੇ ਲਈ ਇਸ ਨੂੰ ਅਪਨਾਉਣ ਵਾਲੇ ਵੀ 'ਹੈਨ ਵਿਰਲੇ ਨਾਹੀ ਘਣੇ"।

ਪਰ ਜਿਨਾਂ ਕੋਈ ਔਖਾ ਕੰਮ ਕਰਦਾ ਹੈ ਓਨਾਂ ਹੀ ਉਸਨੂੰ ਇਨਾਮ ਵੀ ਵਡਾ ਹੀ ਮਿਲਦਾ ਹੈ। ਦਸਮੇਸ਼ ਪਿਤਾ ਜੀ ਨੇ ਇਸੇ ਲਈ ਐਸੇ ਬਿਖਮ ਰਾਹ ਤੇ ਚਲਣ ਵਾਲਿਆਂ ਨੂੰ ਬਹੁਤ ਸਨਮਾਨਿਆ ਹੈ, ਸਤਿਕਾਰਿਆ ਹੈ। ਐਥੋਂ ਤਕ ਕਿ ਆਪਣੀ ਸ਼ਕਤੀ ਹੀ ਪ੍ਰਦਾਨ ਕਰ ਦਿਤੀ ਹੈ. ਇਥੇ ਹੀ ਬਸ ਨਹੀਂ ਸਗੋਂ ਆਪਣਾ ਆਪਾ-ਸਭ ਕੁਛ-ਖਾਲਸੇ ਨੂੰ ਅਰਪਨ ਕਰ ਦਿਤਾ ਹੈ। ਆਪਣੀ ੪੨ ਸਾਲਾਂ ਦੀ ਸੰਸਾਰੀ ਆਯੂ ਵਿਚ ਆਪਣ ਸੱਚੇ ਸੁਚੇ ਖਾਲਸਾ ਪੁਤ੍ਰ ਲਈ ਆਪਣਾ ਸਰਬੰਸ, ਮਾਤਾ, ਪਿਤਾ, ਬੱਚੇ, ਪ੍ਰਵਾਰ, ਧਨ ਦੌਲਤ, ਗਲ ਕੀ ਸਭ ਕੁਝ ਐਸੇ ਨਿਰਾਲੇ ਤੇ ਬਿਖਮ ਰਾਹ ਤੇ ਚਲਣਹਾਰੇ ਖਾਲਸੇ ਤੋਂ ਕੁਰਬਾਨ ਕਰ ਦਿਤਾ। ਆਪਣੀ ਉਮੱਤ ਸਿਖੀ ਦੀ ਖਾਤਰ ਤਿਅਗ ਦੀ ਇਕ ਲਾ ਮਿਸਾਲ ਮਿਸਾਲ ਦੁਨੀਆਂ ਦੇ ਸਾਹਮਣੇ ਪੇਸ਼ ਕਰਕੇ ਸ੍ਰਿਸ਼ਟੀ ਨੂੰ ਅਚੰਭੇ ਵਿਚ ਪਾ ਦਿਤਾ। ਏਨਾ ਹੀ ਨਹੀਂ, ਅੰਤ ਵਿਚ ਆਪਣੀ ਗੁਰੱਤਾ ਵੀ ਖਾਲਸੇ ਨੂੰ ਸੌਂਪ ਦਿਤੀ ਤੇ ਫੁਰਮਾਇਆ —

ਖਾਲਸਾ ਮੇਰੋ ਸਤਿਗੁਰ ਪੂਰਾ ॥ ਖਾਲਸਾ ਮੇਰੋ ਸਜਨ ਸੂਰਾ ॥

ਪਰ ਨਾਲ ਹੀ ਇਹ ਸ਼ਰਤ ਲਾ ਦਿਤੀ ਕਿ ਇਹ ਤੇਜ, ਇਹ ਸ਼ਕਤੀ ਖਾਲਸੇ ਕੋਲ ਉਦੋਂ ਤਕ ਰਹੇਗੀ ਜਦ ਤਾਈਂ ਖਾਲਸਾ, ਤੱਤ ਖਾਲਸਾ ਰਹੇਗਾ ਭਾਵ ਖਾਲਸਈ ਅਸੂਲਾਂ ਤੇ ਕਾਇਮ ਦਾਇਮ ਰਹਿੰਦਾ ਹੋਇਆ ਆਮ ਜਗਤ ਨਾਲੋਂ ਨਿਆਰਾ ਰਹੇਗਾ—

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਓ ਮੈ ਸਾਰਾ ॥

ਜਦ ਖਾਲਸਾ ਆਪਣਾ ਨਿਆਰਾਪਨ ਛਡਕੇ ਆਮ ਲੁਕਾਈ ਵਿਚ ਮਿਲਗੋਭਾ ਹੋ ਜਾਏਗਾ, ਜਦ ਆਪਣੇ ਤੱਤ ਅਸੂਲਾਂ ਨੂੰ ਤਿਆਗ ਕੇ ਇਹ ਹੋਰਨਾਂ ਦੀ ਰੀਸੋ ਰੀਸੀ ਉਨ੍ਹਾਂ ਦੀਆਂ ਦੁਨੀਆਵੀ ਕੁਤਾਵੀ-ਆਂ ਕੁਰੀਤੀਆਂ ਨੂੰ ਗ੍ਰਹਿਣ ਕਰਨਾ ਸ਼ੁਰੂ ਕਰ ਦੇਵੇ ਗਾ, ਜਦ ਖਾਲਸਾ ਕੇਵਲ ਭੇਖ ਕਰਕੇ ਹੀ ਰਹਿ ਜਾਏਗਾ ਤੇ ਉਸ ਵਿਚ ਖਾਲਸਈ ਸਪਿਰਿਟ ਨਹੀਂ ਰਹੇਗੀ ਤਾਂ ਗੁਰੂ ਸਾਹਿਬ ਸਪਸ਼ਟ ਅੱਖਰਾਂ ਵਿਚ ਫੁਰਮਾਂਦੇ ਹਨ ਕਿ ਉਹ ਐਸੇ ਦੰਭੀ ਤੇ ਭੇਖੀ ਖਾਲਸੇ ਦੀ ਪਰਤੀਤੀ ਨਹੀਂ ਕਰਨਗੇ। ਉਦੋਂ ਇਹ ਕਹਿ ਵਤੀ ਖਾਲਸਾ ਸਤਿਗੁਰੂ ਜੀ ਦੇ ਤੇਜ ਦਾ ਮਾਲਕ ਨਹੀਂ ਰਹੇਗਾ। ਜਿਹਾ ਕਿ ਏਸ ਦੁਤੁਕੀ ਤੋਂ ਸਪਸ਼ਟ ਹੈ —

ਜਬ ਇਹ (ਭਾਵ : ਖਾਲਸਾ) ਗਹੈ ਬਿਪਰਨ ਕੀ ਰੀਤ ॥
ਮੈਂ ਨ ਕਰੋਂ ਇਨ ਕੀ ਪਰਤੀਤ ॥

ਹੁਣ ਪ੍ਰਸ਼ਨ ਇਹ ਉਤਪੰਨ ਹੁੰਦਾ ਹੈ ਕਿ ਇਥੇ ਅਖਰ 'ਬਿਪਰਨ' ਕੀ ਰੀਤ ਕਿਉਂ ਲਿਖੇ ਹਨ ? ਆਮ ਲੁਕਾਈ ਦੀ ਰੀਤ ਕਿਉਂ ਨਾ ਲਿਖਿਆ ਗਿਆ ਮੁਲਾਂ ਦੀ ਰੀਤ, ਪਾਦਰੀਆਂ ਦੀ ਰੀਤ ਆਦਿ ਨੂੰ ਛੱਡ ਕੇ ਖਾਸ ਕਰ ਬ੍ਰਹਮਣੀ (ਬਿਪਰਨ) ਰੀਤ ਤੋਂ ਕਿਉਂ ਵਰਜਿਆ ਗਿਆ ਇਸ ਸਬੰਧੀ ਕੁਛ ਵਿਚਾਰ ਪੇਸ਼ ਹੈ —

ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਨੌਂ ਗੁਰੂ ਹਸਤੀਆਂ ਭਾਰਤ ਦੀ ਧਰਤੀ ਤੇ ਪ੍ਰਗਟ ਹੋਈਆਂ। ਉਨ੍ਹਾਂ ਦੇ ਦੁਨੀਆਵੀ ਜਨਮ ਤੇ ਪਾਲਣ ਪੋਸਣ ਹਿੰਦੂ ਵਾਤਾ ਵਰਨ ਵਿਚ ਹੀ ਹੋਏ, ਜਿਸ ਵਿਚ ਬ੍ਰਹਮਣ ਦੀ ਪ੍ਰਧਾਨਤਾ ਸੀ। ਗੁਰਸਿੱਖੀ ਦਾ ਮੁੱਢ ਤੇ ਫਿਰ ਵਿਕਾਸ ਏਸੇ ਆਲੇ ਦੁਆਲ ਵਿਚ ਹੋਇਆ। ਇਤਿਹਾਸਕ ਕਾਰਨਾਂ ਕਰਕ ਉਸ


www.AKJ.org

ਸਮੇਂ ਇਸਲਾਮ ਧਰਮ ਨਾਲ ਸਬੰਧ ਰਖਣ ਵਾਲੇ ਹਾਕਮ ਜਾਬਰ ਤੇ ਜ਼ਾਲਮ ਹੋ ਗਏ ਸਨ ਇਸ ਲਈ ਗੁਰੂ ਵਿਅਕਤੀਆਂ ਨੂੰ ਪੱਖ ਵੀ ਆਮ ਕਰਕੇ ਮਜ਼ਲੂਮ ਤੇ ਦਬੀ ਹੋਈ ਹਿੰਦੂ ਜਨਤਾ ਦਾ ਹੀ ਕਰਨਾ ਪਿਆ ਈਸਾਈ ਤੇ ਇਸਲਾਮ ਦੋਨੋ ਸੈਮਿਟਿਕ (Semitic) ਧਰਮ ਹੋਣ ਕਰਕੇ, ਆਪਣ ਵਿਚ ਬਹੁਤ ਮਿਲਦੇ ਜੁਲਦੇ ਹਨ। ਉਸ ਸਮੇਂ ਟਾਕਰਾ ਸੀ ਆਰੀਆ ਤੇ ਸੈਮਿਟਿਕ ਧਰਮਾਂ ਵਿਚ। ਸੈਮਿਟਿਕ ਧਰਮਾਂ ਦੀ ਜੜ੍ਹ ਹਿੰਦ ਤੋਂ ਬਾਹਰਲੀ ਹੈ। ਇਹ ਧਰਮ ਭਾਰਤ ਤੋਂ ਬਾਹਰ ਹੀ ਉਤਪੰਨ ਹੋਏ ਤੇ ਭਾਰਤ ਵਿਚ ਇਨ੍ਹਾਂ ਦਾ ਪ੍ਰਵੇਸ਼ ਰਾਜਸੀ ਸ਼ਕਤੀ ਨਾਲ ਹੀ ਹੋਇਆ। ਨਾਲ ਹੀ ਉਨ੍ਹਾਂ ਧਰਮਾਂ ਦੇ ਸਿਧਾਂਤ ਐਸੇ ਸਨ ਜੋ ਸਾਧਾਰਨ ਭਾਰਤੀ ਮਨਾਂ ਨੂੰ ਖਿਚ ਨਹੀਂ ਪਾ ਸਕਦੇ, ਸਨ ਇਸ ਲਈ ਗੁਰਸਿੱਖੀ ਨੂੰ ਵੀ ਉਨ੍ਹਾਂ ਧਰਮਾਂ ਤੋਂ ਘਟ ਹੀ ਖਤਰਾ ਸੀ ਤੇ ਹੈ, ਗੁਰਸਿੱਖੀ ਨੂੰ ਸਭ ਤੋਂ ਵਧ ਖਤਰਾ ਹਿੰਦੂ ਧਰਮ ਦੇ ਮੁਖੀ ਬ੍ਰਹਮਣਾਂ ਕੋਲੋਂ ਹੀ ਸੀ, ਹੈ ਤੇ ਰਹੇਗਾ। ਪੁਰਾਤਨ ਇਤਿਹਾਸਕ ਸਾਂਝ ਹੋਣ ਕਰਕੇ ਤੇ ਪ੍ਰਚਲਤ ਬ੍ਰਾਹਣੀ ਵਾਤਾ ਵਰਣ ਵਿਚ ਰਹਿਣ ਕਰਕੇ ਸਾਡੇ ਮਨਾਂ ਤੇ ਬ੍ਰਾਮ੍ਹਣੀ ਪ੍ਰਭਾਵ ਬਹੁਤ ਛੇਤੀ ਪੈ ਸਕਦਾ ਹੈ। ਇਸੇ ਬ੍ਰਾਮ੍ਹਣੀ ਚੰਗਲ ਵਿਚੋਂ ਕਢਣਾ, ਇਹ ਇਕ ਖਾਸ ਕਾਰਜ ਸੀ ਜੋ ਗੁਰੂ ਸਾਹਿਬਾਨ ਨੇ ਕੀਤਾ ਤੇ ਜਿਸ ਤੋਂ ਬਚਣ ਦਾ ਧਰੂਆ ਅਗੋਂ ਲਈ ਵੀ ਬੰਨ੍ਹ ਦਿਤਾ। ਉਧਰੋਂ ਬ੍ਰਹਮਣ ਨੂੰ ਵੀ ਇਹ ਖੁਨਸ ਹੈ ਕਿ ਕਿਉਂ ਇਕ ਐਡਾ ਵਡਾ ਸਮਾਜਕ ਖੇਤ੍ਰ ਉਨ੍ਹਾਂ ਦੇ ਪੰਜੇ ਵਿਚੋਂ ਨਿਕਲ ਗਿਆ। ਇਸ ਲਈ ਉਨ੍ਹਾਂ ਦਾ ਯਤਨ ਗੁਰਸਿੱਖੀ ਦੇ ਅਰੰਭ ਤੋਂ ਹੀ ਇਹ ਰਿਹਾ ਹੈ ਕਿ ਕਿਸੇ ਨਾ ਕਿਸੇ ਢੰਗ ਨਾਲ ਗੁਰਮਤਿ ਰੀਤੀਆਂ ਵਿਚ ਆਪਣੀਆਂ ਰੀਤੀਆਂ ਘਸੇੜਨ ਜਿਸ ਨਾਲ ਗੁਰਸਿੱਖੀ ਮੰਡਲ ਵਿਚ ਫੇਰ ਉਨ੍ਹਾਂ ਦਾ ਦਬ ਦਬਾ ਕ਼ਾਇਮ ਹੋ ਸਕੇ। ਇਸ ਖਤਰੇ ਨੂੰ ਅਨੁਭਵ ਕਰ-ਦਿਆਂ ਹੋਇਆਂ ਹੀ ਸਰਬਗ ਤੇ ਤ੍ਰੈਕਾਲ ਦਰਸ਼ੀ ਦਸਮੇਸ਼ ਜੀ ਨੇ ਖੁਲ੍ਹੇ ਤੇ ਸਪਸ਼ਟ ਅਖਰਾਂ ਵਿਚ ਗੁਰਸਿਖਾਂ ਨੂੰ ਇਸ ਖਤਰੇ ਦੀ ਚਿਤਾਵਨੀ ਕਰਵਾ-ਉਂਦਿਆਂ ਹੋਇਆਂ ਸਖਤ ਹੁਕਮ ਦੇ ਦਿਤਾ ਕਿ ਜੇ ਕਰ ਉਨ੍ਹਾਂ ਦਾ ਸਾਜਿਆ ਨਿਵਾਜਿਆ ਖਾਲਸਾ ਬ੍ਰਹਮਣੀ ਰੀਤਾਂ ਨੂੰ ਅਪਨਾਵੇਗਾ ਤਾਂ ਉਹ ਸਤਿਗੁਰੂ ਜੀ ਦੇ ਤੇਜ ਜਾਂ ਸ਼ਕਤੀ ਤੋਂ ਵਾਂਝਿਆ ਰਹਿ ਜਾਵੇਗਾ ਅਤੇ ਸਤਿਗੁਰੂ ਉਸਦੀ ਪ੍ਰਤੀਤੀ ਨਹੀਂ ਕਰਨਗੇ।

ਹੋਰ ਖੁਲ੍ਹਾ ਵਿਚਾਰ ਇਸ ਸਬੰਧੀ ਇਹ ਵੀ ਹੋ ਸਕਦਾ ਹੈ ਕਿ ਅਖਰ ਬ੍ਰਹਮਣ ਇਕ ਸ਼ਰੇਣੀ ਦਾ ਸੂਚਕ ਹੈ ਅਤੇ ਇਸ ਦਾ ਭਾਵ ਹੈ ਆਨ ਮਤਾਂ ਦੇ ਕਹਿਵਤੀ ਆਗੂ। ਸੋ ਇਸ ਅਨੁਸਾਰ ਇਸਦਾ ਭਾਵ ਇਹ ਵੀ ਲਿਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ ਖਾਲਸੇ ਹੋਰਨਾ ਧਰਮਾਂ ਦੀਆਂ ਰੀਤੀਆਂ ਅਪਨਾਕੇ ਮਿਲਗੋਭਾ ਨਹੀਂ ਹੋਣਾ ਤੇ ਏਸ ਤਰਾਂ ਆਪਣਾ ਨਿਰਾਲਾਪਨ ਕ਼ਾਇਮ ਰਖਣਾ ਹੈ। ਗੁਰਸਿੱਖੀ ਵਿਚ ਤਾਂ ਕੋਈ ਐਸੀ ਸ਼ਰੇਣੀ ਹੈ ਹੀ ਨਹੀਂ। ਬਲਕਿ ਤੀਜੇ ਗੁਰੂ ਨਾਨਕ ਦੇ ਸਮੇਂ ਪ੍ਰਚਾਰ ਹਿਤ ਥਾਪੇ ਮਸੰਦ ਵੀ ਅੰਤ ਵਿਚ ਖਤਮ ਕਰ ਦਿਤੇ ਗਏ। ਗੁਰਦੁਆਰਿਆਂ ਵਿਚ ਕੇਵਲ "ਗ੍ਰੰਥੀ" ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੇਵਾਦਾਰ ਹੀ ਥਾਪੇ ਗਏ। ਉਹ ਬ੍ਰਾਹਮਣ ਜਾਤੀ ਵਾਂਗ ਗੁਰਸਿੱਖੀ ਮੰਡਲ ਦੇ ਆਗੂ ਨਹੀਂ। ਗੁਰਸਿੱਖੀ ਵਿਚ ਤਾਂ—

"ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥"

ਗੁਰਸਿੱਖ ਨੇ ਗੁਰਸਿੱਖ ਨਾਲ ਹੀ ਸਾਂਝ ਪਾਉਣੀ ਹੈ। ਉਸੇ ਦੀ ਕਦਰ ਕਰਨੀ ਹੈ। ਉਸੇ ਨੂੰ ਸਤਿਕਾਰਨਾ ਹੈ। ਪਰ ਗੁਰਸਿੱਖ ਸਖਾ, ਮੀਤ, ਭਾਈ ਭਾਵ ਨਾਲ ਨਾ ਕਿ ਬ੍ਰਹਮਣ ਜਾਂ ਧਾਰਮਕ ਆਗੂ ਭਾਵ ਨਾਲ। ਸੋ ਇਹ ਜਾਪਦਾ ਹੈ ਆਸ਼ਾ ਦਸਮੇਸ਼ ਪਿਤਾ ਜੀ ਦਾ ਗੁਰਸਿੱਖਾਂ ਨੂੰ ਬ੍ਰਹਮਣ ਰੀਤੀ ਤੋਂ ਵਰਜਣ ਦਾ। ਵਰਜਿਆ ਹੀ ਨਹੀਂ ਸਗੋਂ ਸਖਤ ਤਾੜਨਾ ਕੀਤੀ ਹੈ ਕਿ ਜਦੋਂ ਵੀ ਖਾਲਸਾ ਇਨ੍ਹਾਂ ਬਿਪਰਾਂ ਦੇ ਮਗਰ ਚਲਣਾ ਸ਼ੁਰੂ ਕਰ ਦੇਵੇਗਾ ਤਾਂ ਉਹ ਸਤਿਗੁਰੂ ਜੀ ਦੇ ਤੇਜ ਤੋਂ ਵਾਂਝਾ ਹੋ ਜਾਏਗਾ।


www.AKJ.Org

# ਹਰਿ ਕੀ ਸੇਵਾ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ ॥
ਜਿਸ ਹਰਿ ਭਾਵੈ ਤਿਸ ਗੁਰ ਮਿਲੈ ਸੋ ਹਰਿ ਨਾਮੁ ਧਿਆਇ ॥
ਗੁਰ ਸਬਦੀ ਹਰਿ ਪਾਈਐ ਹਰਿ ਪਾਰਿ ਲੰਘਾਇ ॥
ਮਨਿ ਹਠਿ ਕਿਨੈ ਨ ਪਾਇਓ ਪੁਛਹੁ ਵੇਦਾਂ ਜਾਇ ॥
ਨਾਨਕ ਹਰਿ ਕੀ ਸੇਵਾ ਸੋ ਕਰੇ ਜਿਸ ਲਏ ਹਰਿ ਲਾਇ ॥

ਏਸ ਗੁਰਵਾਕ ਪਉੜੀ ਦਾ ਭਾਵ ਸਪਸ਼ਟ ਹੈ ਕਿ ਕੇਵਲ ਗੁਰਮਤਿ ਕਰਨੀ ਗੁਰਮੁਖਿ ਜਨਾਂ ਦੀ ਹੀ ਸਫਲ ਥਾਂਇ ਪੈਂਦੀ ਹੈ। ਸੇਵਾ ਭੀ ਗੁਰਮੁਖਿ ਜਨਾਂ ਦੀ ਹੀ ਸਫਲ ਪੈਂਦੀ ਹੈ। ਜਿਸ ਉਤੇ ਵਾਹਿਗੁਰੂ ਦੀ ਕ੍ਰਿਪਾ ਹੁੰਦੀ ਹੈ ਤਿਸੇ ਨੂੰ ਹੀ ਸਤਿਗੁਰ ਦੀ ਪ੍ਰਾਪਤੀ ਹੁੰਦੀ ਹੈ ਤੇ ਸੋਈ ਵਡਭਾਗਾ ਜਨ ਹੀ ਵਾਹਿਗੁਰੂ ਨਾਮ ਨੂੰ ਧਿਆਉਂਦਾ ਹੈ। ਕੇਵਲ ਗੁਰ ਸਬਦ ਗੁਰ ਦੀਖਿਆ ਦੁਆਰਾ ਹੀ ਵਾਹਿਗੁਰੂ ਨਾਮ ਅਤੇ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰਮਤਿ ਨਾਮ ਦਾ ਅਭਿਆਸ ਹੀ ਜਗਿਆਸੂ ਜਨ ਨੂੰ ਪਾਰ ਲੰਘਾ ਸਕਦਾ ਹੈ। ਗੁਰ ਦੀਖਿਅਤ ਹੋਏ ਬਿਨਾਂ ਆਪੋਂ ਹੀ ਮਨ ਹਠ ਕਰਕੇ ਕਿਸੇ ਨੇ ਵਾਹਿਗੁਰੂ ਨਹੀਂ ਪਾਇਆ। ਵੇਦਾਂ ਦੀ ਗਵਾਹੀ ਹੀ ਲੈ ਲਵੋ ਵੇਦ ਪੜ੍ਹਨ ਪੋਖਣਹਾਰੇ ਕਿਸੇ ਭੀ ਬੇਦ ਵੇਤਾ ਪੰਡਿਤ ਨੂੰ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋਈ। ਵਾਹਿਗੁਰੂ ਦੀ ਪ੍ਰਾਪਤੀ ਤਿਨਾਂ ਨੂੰ ਹੁੰਦੀ ਹੈ ਜੋ ਵਾਹਿਗੁਰੂ ਦੇ ਭਾਣੇ ਅੰਦਰਿ ਵਾਹਿਗੁਰੂ ਦੇ ਸੇਵਕ ਗੁਰਮੁਖਿ ਜਨ ਬਣਦੇ ਹਨ।

ਮਾਝ ਮਹਲਾ ੫। ਖੋਜਤ ਖੋਜਤ ਦਰਸਨ ਚਾਹੇ। ਭਾਤਿ ਭਾਤਿ ਬਨ ਬਨ ਅਵਗਾਹੇ। ਨਿਰਗੁਣ ਸਰਗੁਣ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥੧॥ ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥ ਪੂਜਾ ਤਿਲਕੁ ਤੀਰਥ ਇਸਨਾਨਾ ॥ ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤ ਨ ਆਵੈ ਜੀਉ ॥੨॥ ਅਨਿਕ ਬਰਖ ਕੀਏ ਜਪ ਤਾਪਾ ॥ ਗਵਨ ਕੀਆ ਧਰਤੀ ਭਰਮਾਤਾ ॥ ਇਕ ਖਿਨ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ।੩। ਕਰਿ ਕਿਰਪਾ ਮੋਹਿ ਸਾਧੁ ਮਿਲਾਇਆ ॥ ਮਨੁ ਤਨੁ ਸੀਤਲ ਧੀਰਜ ਪਾਇਆ ॥ ਪ੍ਰਭ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲ ਨਾਨਕ ਗਾਵੈ ਜੀਉ।੪।੪।੧੨

ਅਕਾਲ ਪੁਰਖ ਦੇ ਦਰਸ਼ਨਾਂ ਦੀ ਚਾਹਨਾ ਲਈ ਬਥੇਰੇ ਖੋਜੀ ਜਨ ਖੋਜ ਖੋਜ ਕੇ ਹਾਰ ਥਕੇ ਹਨ, ਏਸੇ ਹੀ ਦਰਸ਼ਨ ਖੋਜ ਲਈ ਬਨ ਉਦਿਆਨ ਗਾਹ ਗਾਹ ਕੇ ਹਾਰ ਹੰਭ ਚੁਕੇ ਹਨ। ਵਾਹਿਗੁਰੂ ਦੇ ਨਿਰਗੁਣ ਸਰਗੁਣ ਸਰੂਪ ਦਾ ਸੁਰਾਗ ਕਿਸੇ ਭੀ ਆਨਮਤ ਖੋਜੀ ਤੋਂ ਨਹੀਂ ਲਗਾ ਨਾਂਹੀ ਕਿਸੇ ਤੋਂ ਲਗ ਸਕਦਾ ਹੈ। ਕੋਈ ਭੀ ਆਨਮਤੀ ਆਗੂ ਵਾਹਿਗੁਰੂ ਨੂੰ ਮਿਲਣ ਮਿਲਾਵਣ ਦੀ ਡੀਂਗ ਨਹੀਂ ਮਾਰ ਸਕਦਾ। ਆਨਮਤ ਦੇ ਛੇਈ ਸ਼ਾਸਤ੍ਰ ਮੁਖਾਗਰ ਕੰਠੋਂ ਉਚਰਨ ਵਿਚਾਰਨ ਵਾਲੇ ਸ਼ੁਸਕ ਗਿਆਨ ਬੇਤਾ ਗਿਆਨੀਆਂ ਦਾ ਸ਼ੁਸ਼ਕ ਗਿਆਨ ਘੋਖਿਆ ਸਭ ਨਿਸਫਲ ਜਾਂਦਾ ਹੈ। ਏਸੇ ਪ੍ਰਕਾਰ ਆਨਮਤਾਂ ਦੇ ਦਰਸਾਏ ਪੂਜਾ ਤਿਲਕ ਤੀਰਥ ਇਸ਼ਨਾਨ ਭੀ ਬਿਰਥੇ ਹੀ ਜਾਂਦੇ ਹਨ ਹਠਜੋਗ ਦੇ ਦਸੇ ਵਿਸਥਾਰੇ ਹੋਏ ਨਿਉਲੀ ਕਰਮ ਚੌਰਾਸੀ ਆਸਣ ਸਾਧਿਆਂ ਭੀ ਉਕਾ ਹੀ ਸ਼ਾਂਤਿ ਨਹੀ ਆਉਂਦੀ। ਆਨਮਤ ਦੇ ਜਪ ਤਪ ਭਾਵੇਂ ਕਈ ਬਰਸ


www.AKJ.Org

ਲਗਾਤਾਰ ਭੀ ਕਿਉਂ ਨ ਕੀਤੇ ਜਾਣ ਤੇ ਆਨਮਤ ਦਸਾਈ ਕਿਰਿਆ ਅਨੁਸਾਰ ਸਾਰੀ ਧਰਤੀ ਦਾ ਅਨਿਕ ਪ੍ਰਕਾਰ ਤੇ ਕਈ ਵਾਰ ਘੁਮਾਨਾ ਫਿਰਨਾ ਕਿਉਂ ਨ ਕੀਤਾ ਜਾਵੇ ਪਰੰਤੂ ਇਕ ਛਿਨ ਮਾਤਰ ਭੀ ਹਿਰਦੇ ਅੰਦਰ ਸ਼ਾਂਤਿ ਨਹੀਂ ਆਉਂਦੀ ਭਾਵ ਉਪਰ ਦਸੇ ਆਨਮਤੀ ਕਰਮ ਕਿਤਨੇ ਹੀ ਕੀਤੇ ਜਾਣ। ਹਠ ਜੋਗੀਆਂ ਦੇ ਮੁੜ 2 ਕੇ ਜੋਗ ਸਾਧਨਾਂ ਦੇ ਉਦਮ ਕੀਤੇ ਭੀ ਐਵੇਂ ਬਿਰਥੇ ਹੀ ਜਾਂਦੇ ਹਨ। ਜਦ ਵਾਹਿਗੁਰੂ ਦੀ ਕ੍ਰਿਪਾ ਹੁੰਦੀ ਹੈ ਤਾਂ ਸਚੜੇ ਗੁਰੂ ਸਾਹਿਬ ਦੇ ਮਿਲਾਪ ਹੁੰਦੇ ਹਨ ਜਿਸ ਦੇ ਮਿਲਣ ਕਰ ਕੇ ਮਨ ਤਨ ਸੀਤਲ ਹੋ ਜਾਂਦਾ ਹੈ ਤੇ ਸਚੀ ਧੀਰਜ ਪਰਾਪਤਿ ਹੁੰਦੀ ਹੈ। ਇਉਂ ਸਤਿਗੁਰੂ ਦੀ ਕਿਰਪਾ ਦੁਆਰਾ ਕਦੇ ਨ ਨਾਸ਼ ਹੋਣ ਵਾਲਾ ਵਾਹਿਗੁਰੂ ਪ੍ਰਮੇਸ਼ਰ ਹਿਰਦੇ ਵਿਖੇ ਹੀ ਆਣ ਵਸਦਾ ਹੈ। ਇਹ ਹਿਰਦੇ ਭੀਤਰ ਹੀ ਆਇ ਵਸਨ ਦੀ ਗੁਰਮਤਿ ਵਿਲਖਣਤਾ ਤੇ ਫਜ਼ੀਲਤ ਦੇ ਵਰੋਸਾਉਂਣ ਕਰ ਕੇ ਗੁਰੂ ਨਾਨਕ ਸਾਹਿਬ ਦਾ ਵਰੋਸਾਇਆ ਸਿਖ ਮੰਗਲ ਗਾ ਗਾ ਕੇ ਅੰਦਰੇ ਅੰਦਰਿ ਹੀ ਖੀਵਾ ਹੋਇ ਰਹਿੰਦਾ ਹੈ।

## ਗੁਰੂ ਵਾਹਿਗੁਰੂ ਦੀ ਪ੍ਰਾਪਤੀ ਤੇ ਜੋਤ ਸਰੂਪੀ ਦਰਸ਼ਨ

ਪਾਰਬ੍ਰਹਮ ਅਪਰੰਪਰ ਦੇਵਾ।
ਅਗਮ ਅਗੋਚਰ ਅਲਖ ਅਭੇਵਾ।
ਦੀਨ ਦਇਆਲ ਗੋਪਾਲ ਗੋਬਿੰਦਾ
ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ ॥ ੧ ॥
ਗੁਰਮੁਖਿ ਮਧੁ ਸੂਦਨ ਨਿਸਤਾਰੇ।
ਗੁਰਮੁਖਿ ਸੰਗੀ ਕ੍ਰਿਸ਼ਨ ਮੁਰਾਰੇ।
ਦਇਆਲ ਦਮੋਦਰ ਗੁਰਮੁਖਿ ਪਾਈਐ
ਹੋਰਤ ਕਿਤੈ ਨ ਭਾਤੀ ਜੀਉ। ੨।
ਨਿਰਹਾਰੀ ਕੇਸਵ ਨਿਰਵੈਰਾ।
ਕੋਟਿ ਜਨਾ ਜਾਕੇ ਪੂਜਹਿ ਪੈਰਾ।
ਗੁਰਮੁਖਿ ਜਾ ਕੈ ਹਿਰਦੈ ਹਰਿ ਹਰਿ
ਸੋਈ ਭਗਤੁ ਇਕਾਂਤੀ ਜੀਉ। ੩।

ਵਾਹਿਗੁਰੂ ਪਾਰਬ੍ਰਹਮ ਐਸੀ ਵਿਅਕਤੀ ਹੈ ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਉਸਦੀ (ਹਸਤੀ) ਗਮਤਾ ਕਿਸੇ ਤੋਂ ਨਹੀਂ ਹੋ ਸਕਦੀ, ਉਹ ਸਭਸ ਦੀ ਪਹੁੰਚ ਤੋਂ ਪਰੇ ਹੈ। ਉਸ ਨੂੰ ਕੋਈ ਨਹੀਂ ਲਖ ਸਕਦਾ ਉਸ ਦਾ ਭੇਦ ਕੋਈ ਨਹੀਂ ਪਾ ਸਕਦਾ ਗੁਰਮਤਿ ਦੁਆਰਾ ਇਹ ਗਲ ਸਹੀ ਹੁੰਦੀ ਹੈ ਕਿ ਉਹ ਸਾਰਿਆਂ ਨੂੰ ਪਾਲਣਹਾਰਾ ਦੀਨਾਂ ਦਾ ਦਿਆਲ ਗੋਬਿੰਦ ਮੁਕਤੀ ਦਾਤਾ ਵਾਹਿਗੁਰੂ ਕੇਵਲ ਗੁਰਮਤਿ ਕਰ ਕੇ ਹੀ ਗੁਰਮੁਖਾਂ ਪਾਸੋਂ ਹੀ ਧਿਆਇਆ ਜਾ ਸਕਦਾ ਹੈ। ਮਧਸੂਦਨ ਵਾਹਿਗੁਰੂ ਗੁਰੂ ਦੁਆਰਾ ਹੀ ਸੰਸਾਰ ਨੂੰ ਤਾਰਨਹਾਰਾ ਬਣਦਾ ਹੈ। ਕ੍ਰਿਸ਼ਨ ਮੁਰਾਰੀ ਰੂਪ ਵਾਹਿਗੁਰੂ ਕੇਵਲ ਗੁਰੂ ਦੁਆਰਾ ਹੀ ਅੰਗਿ ਸੰਗਿ ਰਹਿੰਦਾ ਲਖੀਦਾ ਹੈ। ਹੈ। ਦੀਨ ਦਇਆਲ ਦਮੋਦਰ ਵਾਹਿਗੁਰੂ ਦੀ ਪਰਾਪਤੀ ਕੇਵਲ ਗੁਰੂ ਦੁਆਰੇ ਹੀ ਹੋ ਸਕਦੀ ਹੈ। ਹੋਰ ਕਿਸੇ ਭਾਂਤ ਭੀ ਨਹੀਂ ਹੋ ਸਕਦੀ। ਨਿਰਾਹਾਰ ਕੇਸ਼ਵ ਵਾਹਿਗੁਰੂ ਦੇ ਸਰੂਪ ਨੂੰ ਕ੍ਰੋੜ ਹੀ ਜਗਿਅ ਸੂ ਜਨ ਪਏ ਪੂਜਦੇ ਹਨ ਪ੍ਰੰਤੂ ਜਿਸ ਗੁਰਮੁਖਿ ਦੇ ਹਿਰਦੇ ਵਿਚਿ ਵਾਹਿਗੁਰੂ ਵਸਿਆ ਹੈ ਉਹੀ ਵਾਹਿਗੁਰੂ ਦਾ ਅਨਿਨ ਉਪਾਸ਼ਕ ਭਗਤ ਹੈ। ਉਪਰ ਦਸੇ ਨਾਮ ਮਧਸੂਦਨਾ ਕ੍ਰਿਸ਼ਨ ਮੁਰਾਰੀ ਸਭ ਵਾਹਿਗੁਰੂ ਦੇ ਕ੍ਰਿਤਮ ਨਾਮ ਹਨ। ਪਰਾ ਪੂਰਬਲਾ ਸਤਿਨਾਮ ਵਾਹਿਗੁਰੂ ਦਾ ਕੇਵਲ 'ਵਾਹਿਗੁਰੂ' ਹੀ ਹੈ ਸੋਈ ਗੁਰਮਤਿ ਅਨੁਸਾਰ ਅਰਾਧਿਆ ਜਾਣਾ ਪਰਮ ਗੁਰਮਤਿ ਅਨੁਕੂਲ ਹੈ। ਤਿਸੇ ਗੁਰਮਤਿ ਨਾਮ ਦੇ ਜਪਣ ਕਰ ਕੇ ਹੀ ਜਪਣ ਹਾਰੇ ਦੀ ਪਰਮ ਕਲਿਅਣ ਗਤੀ ਹੁੰਦੀ ਹੈ। ਹੋਰ ਕਿਸੇ ਕ੍ਰਿਤਮ ਨਾਮ ਦੇ ਜਪਿਆਂ ਨਹੀਂ ਹੁੰਦੀ। ਆਨਮਤ ਵਿਚ ਮੰਨੇ ਹੋਏ ਅਵਤਾਰ ਕੇਵਲ ਵਾਹਿਗੁਰੂ ਦੀ ਗੁਪਤਿ ਗੁਰਮੁਖਿ ਗੁਰਤਤਾ ਦੁਆਰਾ ਹੀ ਕਲਾਧਾਰੀ ਬਣੇ ਹਨ। ਭਾਵ ਏਹਨਾਂ ਵਿਚ ਕਲਾ ਵਰਤਾਉਣ ਹਾਰਾ ਗੁਪਤ ਗੁਰੂ ਵਾਹਿਗੁਰੂ ਹੀ ਹੋਇਆ ਹੈ। ਵਾਹਿਗੁਰੂ ਨੇ ਹੀ ਗੁਪਤ ਗੁਰਤਤਾ ਕਲਾ ਵਰਤਾ ਕੇ ਧਰੂ ਪ੍ਰਹਿਲਾਦ ਆਦਿਕ ਨੂੰ ਸੁਮਤੇ ਲਾਇਆ। ਇਹ


www.AKJ.Org

ਇਕੜ ਦੁਕੜ ਨਿਸਤਾਰਨਹਾਰੇ ਵਾਹਿਗੁਰੂ ਦੀਆਂ ਗੁਪਤ ਗੁਰਮੁਖਿ ਕਲਾਧਾਰੀ ਉਦਾਹਰਨਾਂ ਟਾਵੀਆਂ ਟਾਵੀਆਂ ਹੀ ਖ਼ਾਸ ਖਾਸ ਹਾਲਤਾਂ ਵਿਖੇ ਖਾਸ ਖਾਸ ਨਿਸਤਾਰਨ ਜੋਗ ਵਿਅਕਤੀਆਂ ਨੂੰ ਪਰਗਟ ਹੋਈਆਂ। ਸਮੁਚੇ ਤੌਰ ਤੇ ਗੁਰੱਤਤਾ ਦੀ ਕਲਾ ਵਰਤਾਉਣਹਾਰਾ ਵਾਹਿਗੁਰੂ ਜਗਤ ਗੁਰੂ ਨਾਨਕ ਦੇਵ ਅਤੇ ਓਹਨਾਂ ਦੇ ਦਸੇ ਗੁਰਜਾਮਿਆਂ ਦੁਆਰਾ ਹੀ ਅਜ ਤਾਈਂ ਸਾਰੇ ਸੰਸਾਰ ਤੇ ਵਿੱਦਤ ਹੋਇਆ ਹੈ। ਪਰੰਤੂ ਹਰ ਹਾਲਤ ਵਿਚਿ ਨਿਸਤਾਰਨਹਾਰ ਕਲਿਆਣ ਕਾਰਕ ਨਾਮ ਵਾਹਿਗੁਰੂ ਨਾਮ ਹੀ ਪਰੰਪਰਾ ਤੇ 'ਆਦਿ ਸਚੁ ਜੁਗਾਦਿ ਸਚੁ ਹੈਭੀ ਸਚੁ ਨਾਨਕ ਹੋਸੀ ਭੀ ਸਚੁ ਰੂਪੀ ਨਿਸਤਾਰਦਾ ਰਿਹਾ ਹੈ ਤੇ ਨਿਸਤਾਰਦਾ ਰਹੇਗਾ। ਏਥੇ ਤਾਈਂ ਕਿ ਗਰਭ ਜੋਨ ਵਿਚਿ ਜੀਵ ਨੂੰ ਜੀਵਾਲਣਹਾਰਾ ਹੋ ਕੇ ਵਾਹਿਗੁਰੂ ਅਕਾਲ ਪੁਰਖ ਹੀ ਗੁਰੱਤਤਾ ਦੀ ਕਲਾ ਵਰਤਾਉਂਦਾ ਰਿਹਾ ਹੈ। ਉਥੇ ਗਰਭ ਅੰਦਰ ਵਾਹਿਗੁਰੂ ਨਾਮ ਦਾ ਦੀਖਸ਼ ਅਤੇ ਲਖਾਵਣਹਾਰਾ ਕੇਵਲ ਵਾਹਿਗੁਰੂ ਹੀ ਗੁਰੂ ਸਰੂਪਤਾ ਅਖਤਿਆਰ ਕਰਦਾ ਰਿਹਾ ਹੈ। ਗਰਭ ਜੋਨ ਤੋਂ ਬਾਹਰ ਆਏ ਜੀਵਾਂ ਨੂੰ ਸਰਬਤਰ ਹੀ ਮਾਨੁਖ ਨੂੰ ਪਰਿਤਪਾਲਣ ਹਾਰਾ ਪਰਮਾਰਥ ਬਵਸਥਾ ਖਿਚਿ ਜੀਵਾਲਣਹਾਰਾ ਕਉਤਕ ਭੀ ਟਾਂਵੀਂ ਟਾਂਵੀਂ ਹਾਲਤ ਵਿਚ ਵਾਹਿਗੁਰੂ ਖੁਦ ਨਿਜ ਆਵਸ਼ਕਤਾ ਦੁਆਰਾ ਵਰਤਾਉਂਦਾ ਰਿਹਾ ਹੈ। ਸਰਬਤ੍ਰ ਮਾਨੁਖ ਸ਼ਰੇਣੀ ਨੂੰ ਸਚੇ ਸੁਮਾਰਗੀ ਗੁਰਮਤਿ ਮਾਰਗ ਉਤੇ ਚਲਾਉਣਹਾਰਾ ਕੇਵਲ ਗੁਰੂ ਨਾਨਕ ਹੀ ਆਪਣੇ ਦਸੇ ਗੁਰੂ ਜਾਮੇ ਸਰੂਪਾਂ ਵਿਚਿ ਹੋਇਆ ਹੈ। ਜੁਗਾਂ ਜੁਗਾਂਤਰਾਂ ਅੰਦਰਿ ਸਚੇ ਗੁਰੂ ਬਿਨਾਂ ਗਤੀ ਕਿਸੇ ਦੀ ਭੀ ਨਹੀਂ ਹੋਈ। ਕੇਵਲ ਗੁਰੂ ਦੀ ਸ਼ਰਨ ਆਇਆਂ ਹੀ ਸਾਰੇ ਜੁਗਾਂ ਦਾ ਨਿਸਤਾਰਾ ਹੋਇਆ ਹੈ ਅਤੇ ਹੁੰਦਾ ਰਹੇਗਾ। ਸ੍ਰੀ ਗੁਰੂ ਦਸਮੇਸ਼ ਜੀ ਨੇ ਇਸੇ ਕਰਕੇ ਹੀ ਇਹ ਸ੍ਰੀ ਮੁਖਵਾਕ ਉਚਾਰਨ ਕੀਤਾ ਹੈ:—"ਆਦਿ ਅੰਤ ਏਕੈ ਅਵਤਾਰਾ। ਸੋਈ ਗੁਰੂ ਸਮਝਿਓ ਹਮਾਰਾ।' ਗੁਰੂ ਵਾਹਿਗੁਰੂ ਦਾ ਇਕ ਮਿੱਕ ਸਰੂਪ ਹੋਣ ਕਰਕੇ ਨਿਸਤਾਰਕ ਕਾਲ ਕੇਵਲ ਗੁਰੂ ਦੀ ਮਹਤੱਤਾ ਵਿਚਿ ਵਿਦਮਾਨ ਹੈ। ਆਨਮਤੀ ਜਗਤ ਆਮ ਤੌਰ ਤੇ ਸਦੀਵ ਕਾਲ ਹੀ ਗੁਰੂ ਦੀ ਇਸ ਓਤਿ ਪੋਤਿ ਕਲਾ ਤੋਂ ਘੁਥਾ ਅਤੇ ਸਖਣਾ ਹੀ ਰਿਹਾ ਹੈ, ਜਿਹਨਾਂ ਜੀਵਾਂ ਦੇ ਪੋਤੇ ਪੁੰਨ ਪੂਰਬ ਲਿਖਤ ਦੁਆਰਾ ਪ੍ਰਗਟ ਹੋਏ ਹਨ ਤਿਨਾਂ ਨੂੰ ਹੀ ਇਸ ਮਹੱਤਤਾ ਦੀ ਅਮਰ ਕਲਾ ਵਰੋਸਾਈ ਹੈ। ਜਦ ਤਾਈਂ ਆਮ ਸੰਸਾਰੀ ਲੋਗ ਗੁਰੂ ਦੀ ਸ਼ਰਨ ਨਹੀਂ ਆਉਂਦੇ ਓਦੋਂ ਤਾਈਂ ਉਹਨਾਂ ਦਾ ਨਿਸਤਾਰਾ ਹਰਗਿਜ਼ ਹਰਗਿਜ਼ ਨਹੀਂ ਹੁੰਦਾ। ਗੁਰੂ ਜੋਤ ਜਾਮਿਆਂ ਵਾਲੇ ਪਰਤਖਸ਼ ਦੀਦਾਰ ਦਰਸ਼ਨਾਂ ਦੀ ਉਦਾਰਤਾ (ਨਦਰਤਾ) ਦੀ ਕੇਵਲ ਗੁਰਮੁਖਿ ਗੁਰ ਦੀਖਅਤ ਗੁਰਸਿਖਾਂ ਉਪਰ ਹੀ ਹੁੰਦੀ ਹੈ। ਜਿਨ੍ਹਾਂ ਗੁਰਮੁਖਿ ਜਨਾਂ ਨੂੰ ਜਿਸ ਜਿਸ ਗੁਰਮੁਖਿ ਜੋਤਿ ਜਾਮੇ ਦੀ ਦਰਸ਼ਨ ਅਕਾਂਖਿਆ ਪੂਰਨ ਪਰਬਲਤਾ ਸਹਿਤ ਉਤਪੰਨ ਹੁੰਦੀ ਹੈ ਤਿਸੇ ਤਿਸੇ ਗੁਰੂ ਜੋਤਿ ਜਾਮੇ ਦੇ ਪਰਤਖ ਦਰਸ਼ਨ ਉਸ ਨੂੰ ਅਵੱਸ਼ ਹੋ ਕੇ ਰਹਿੰਦੇ ਹਨ ਮਤ ਜਾਣੋ ਕਿ ਗੁਰੂ ਨਾਨਕ ਆਦ ਦਸੇ ਗੁਰੂ ਜੋਤਿ ਜਾਮੇ ਦੇਹਧਾਰੀ ਜੋਤੀਆਂ ਦੇ ਅਲੋਪ ਹੋਣ ਕਰਕੇ ਦਰਸ਼ਨ ਦੇਣੋਂ ਰਹਿਤ ਹੋ ਗਏ। ਸਤਿਗੁਰੂ ਦੀ ਜੋਤਿ ਕਲਾ ਸਦਾ ਹੀ ਵਰਤਦੀ ਰਹਿੰਦੀ ਹੈ, "ਸਤਿਗੁਰ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥ ਉਹ ਅਬਿਨਾਸੀ ਪੁਰਖ ਹੈ ਸਭ ਮਹਿ ਰਹਿਆ ਸਮਾਇ" ਗੁਰਵਾਕ ਦੇ ਭਾਵ ਅਨੁਸਾਰ ਗੁਰੂ ਨਾਨਕ ਆਦ ਦਸੇ ਗੁਰੂ ਜੋਤਿ ਜਾਮਿਆਂ ਦੇ ਸਰੂਪ ਕਮਾਈ ਵਾਲੇ ਗੁਰਮੁਖਿ ਜਨਾਂ ਦੀ ਦਿਬ ਦ੍ਰਿਸ਼ਟੀ ਵਿਚ ਸਦਾ ਹੀ ਮੌਜੂਦ ਰਹਿੰਦੇ ਹਨ। ਜਿਨਾਂ ਦੀ ਪਰਬਲ ਇਛਿਆ ਦੇ ਪਰੇਰੇ ਹੋਏ ਉਹ ਗੁਰ ਜੋਤਿ ਜਾਮੇ ਪਰਗਟ ਪਾਹਾਰੇ ਭੀ ਆਸਕਾਰ ਹੋਇ ਆਵੰਦੇ ਹਨ ਕਿਉਂਕਿ ਦੇਹ ਕਰਕੇ ਹੀ ਗੁਰੂ ਜੋਤਿ ਜਾਮੇ ਦੀ ਹਸਤੀ ਨਹੀਂ ਬਲਕਿ ਦਿੱਬ ਸਰੂਪਤਾ ਦੀ ਵਿਲਖਣ ਦੇਹ ਤਾਂ ਨਿਰਾਲੀ ਹੀ ਝਲਕਾਂ ਮਾਰਦੀ ਰਹਿੰਦੀ ਹੈ। ਦਸੋਂ ਹੀ ਗੁਰੂ ਜਾਮਿਆਂ ਦੀ ਵਿਲਖਣ, ਵਲੱਖਣ


www.AKJ.Org

ਨਿਰਾਲਤਾ ਪਰਤਖੋ ਪਰਤੱਖ ਸਪਸ਼ਟ ਨਜ਼ਾਰੇ ਝਲਕਾਰੇ ਦਿੱਬ ਦੀਦਾਰੇ ਦਿਖਾਉਂਦੀ ਰਹਿੰਦੀ ਹੈ। ਵਾਹਿਗੁਰੂ ਅਤੇ ਗੁਰੂ ਦਾ ਗੁਰਤਤ ਸਰੂਪ ਸਾਂਝਾ ਭੀ ਹੈ ਅਤੇ ਵਿਲਖਣ ਭੀ ਹੈ ਭਿੰਨ ਭਿੰਨ ਆਭਾ ਮਾਰਦਾ ਹੈ। ਪਰੰਤੂ ਵਖਰੀ ਅਭਿੰਨਤਾ ਵਿਚ ਭੀ ਘੁਲਮਿਲ ਘਿੱਚ ਦਿਸ ਆਉਂਦਾ ਹੈ ਕੇਵਲ ਦਿਬ ਦ੍ਰਿਸ਼ਟੀ ਵਾਲੇ ਗੁਰਮੁਖਿ ਜਨਾਂ ਨੂੰ ਹੀ ਦਿਸ ਆਉਂਦਾ ਹੈ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਇਹ ਦਿੱਬ ਦਰਸ਼ਨ ਕਿਸੇ ਹਾਲਤ ਵਿਚਿ ਭੀ ਸਰਗੁਣ ਸਰੂਪ ਦਰਸ਼ਨ ਨਹੀਂ ਕਹਾ ਸਕਦੇ। ਇਹ ਦਰਸ਼ਨ ਤਾਂ ਸਦਾ ਹੀ ਨਿਰਗੁਣ ਜੋਤਿ ਦਿੱਬਤਾ ਵਾਲੇ ਹਨ ਅਤੇ ਕਦੇ ਨਾ ਨਾਸ਼ ਹੋਣ ਵਾਲੇ ਅਬਿਨਾਸ਼ੀ ਹੀ ਰਹਿੰਦੇ ਹਨ। ਏਹ ਦਿੱਬ ਦਰਸ਼ਨਾਂ ਦਾ ਅਬਿਨਾਸ਼ੀ ਸਰੂਪ ਵਾਸਤਵ ਵਿਚਿ ਸਾਰੇ ਹੀ ਮਾਨੁਖ ਘਟਾਂ ਵਿਚ ਸਮਾਇਆ ਰਹਿੰਦਾ ਹੈ ਪਰ ਇਸ ਸਰੂਪ ਨੂੰ ਵਿਰਲੇ ਹੀ ਵਰੋਸਾਏ ਹੋਏ ਗੁਰਮੁਖਿ ਜਨ ਪਰਤੱਖ ਲਖਦੇ ਹਨ।

## ਆਨਮਤਿ ਵਿਦਿਆ ਤੇ ਗੁਰਮਤਿ ਵਿਦਿਆ

ਸਿਮ੍ਰਿਤਿ ਸਾਸਤ ਬੇਦ ਵਖਾਣੈ ॥
ਭਰਮੇ ਭੂਲਾ ਤਤ ਨ ਜਾਣੈ ॥
ਬਿਨੁ ਸਤਿਗੁਰ ਸੇਵੇ ਸੁਖ ਨ ਪਾਏ ॥
ਦੁਖੋ ਦੁਖੁ ਕਮਾਵਣਿਆ ॥

ਇਸ ਗੁਰਵਾਕ ਦੀ ਇਹ ਤਿਤੁਕੀ ਸਿਧ ਕਰਦੀ ਹੈ ਕਿ ਆਨਮਤ ਖਿਆਲਾਂ ਦੀ ਆਲੂਦਗੀ ਨਾਲ ਗ੍ਰਸਿਆ ਹੋਇਆ ਜਗਿਆਸੂ ਜਨ ਸਿਮ੍ਰਤੀਆਂ ਸ਼ਾਸਤ੍ਰਾਂ ਵੇਦਾਂ ਨੂੰ ਹੀ ਵਖਾਣਦਾ ਫਿਰਦਾ ਹੈ ਏਸੇ ਬਿਧਿ ਭਰਮ ਭੁਲਾ ਹੋਇਆ ਗੁਰਮਤਿ ਤੱਤ ਨਹੀਂ ਪਛਾਣ ਸਕਦਾ। ਅਸਲੀਅਤ ਨਹੀਂ ਸਮਝ ਸਕਦਾ। ਕਿਉਂਕਿ ਸਿਮ੍ਰਿਤ ਸਾਸਤਰ ਬੇਦ ਤਾਂ ਸਿਰਫ ਤਿੱਨਾਂ ਗੁਣਾਂ ਦੀ ਹੀ ਗਲ ਕਰਦੇ ਹਨ। ਚਉਥੇ ਪਦ ਦੀ ਤਤ ਗਲ ਤਾਂ ਕੇਵਲ ਗੁਰਮਤਿ ਤੋਂ ਹੀ ਲਭਦੀ ਹੈ। ਤਾਂ ਤੇ ਸਤਿਗੁਰੂ ਨੂੰ ਸੇਵੇ ਬਿਨਾਂ ਭਾਵ ਸਤਿਗੁਰੂ ਦਾ ਸੇਵਕ ਸਿਖ ਬਿਨਾਂ ਬਣੇ ਤੱਤ ਆਤਮ ਪਰਮਾਰਥ ਸੁਖ ਨਹੀਂ ਪਰਾਪਤਿ ਹੁੰਦਾ। ਆਨਮਤ ਦੀਆਂ ਪੁਸਤਕਾਂ ਦੀਆਂ ਪੜ੍ਹਾਈਆਂ ਵਿਚ ਨਿਰਾ ਦੁਖੋ ਦੁਖ ਹੀ ਵਿਹਾਜਦਾ ਫਿਰਦਾ ਹੈ ਗੁਰਮਤਿ ਤੱਤ ਸੰਭਾਲਣ ਵਿਚ ਆਉਂਦਾ ਹੀ ਨਹੀਂ ਗੁਰਮਤਿ ਤੱਤ ਤਾਂ ਸੰਭਾਲੇ ਜੇ ਆਨਮਤ ਦੀ ਆਲੂਦਗੀ ਨੂੰ ਛਡ ਕੇ ਕੇਵਲ ਗੁਰਮਤਿ ਪਰਾਇਣ ਹੀ ਹੋ ਰਹੇ।

ਬਿਨੁ ਗੁਰ ਨਾਮੁ ਨ ਪਾਇਆ ਜਾਇ ॥
ਸਿਧ ਸਾਧਕ ਰਹੇ ਬਿਲਲਾਇ ॥
ਬਿਨ ਗੁਰ ਸੇਵੇ ਸੁਖੁ ਨ ਹੋਈ
ਪੂਰੇ ਭਾਗਿ ਗੁਰ ਪਾਵਣਿਆ ॥ ੩ ॥

ਹਠ ਜੋਗ ਆਦਿ ਆਨਮਤ ਕਰਮਾਂ ਨੂੰ ਸਾਧਨਹਾਰੇ ਗੋਰਖ ਆਦਿਕ ਸਿਧ ਜੋਗੀ ਬਥੇਰਾ ਬਿਬਲਾ ਹਟੇ ਤਿਨਾਂ ਨੂੰ ਸਚਾ ਪਰਮਾਰਥ ਪਰਾਪਤਿ ਹੀ ਨਹੀਂ ਏਹ ਕੇਵਲ ਨਾਮੁ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ। ਨਾਮ ਓਹਨਾਂ ਨੂੰ ਮਿਲਿਆ ਹੀ ਨਹੀਂ ਬਿਨਾਂ ਸਚੇ ਗੁਰੂ ਤੋਂ ਨਾਮ ਨਹੀਂ ਪਾਇਆ ਜਾ ਸਕਦਾ। ਗੁਰਮੁਖਿ ਸੇਵਕ ਸਿਖ ਬਣੇ ਬਿਨਾਂ ਸਚਾ ਆਤਮ ਸੁਖ ਪ੍ਰਾਪਤਿ ਹੁੰਦਾ ਹੀ ਨਹੀਂ ਅਤੇ ਪੂਰੇ ਭਾਗਾਂ ਕਰਕੇ ਹੀ ਸਚਾ ਗੁਰੂ ਪਰਾਪਤ ਹੁੰਦਾ ਹੈ। ਤਾਂ ਤੇ ਨਿਗੁਰੇ ਲੋਕਾਂ ਨੂੰ ਕਿਤੇ ਭੀ ਸੁਖ ਨਹੀਂ। ਸਾਰੀ ਲੁਕਾਈ ਨਿਗੁਰੀ ਹੀ ਪਈ ਫਿਰਦੀ ਹੈ। ਪੂਰਬਲੇ ਸ਼ੁਭ ਕਰਮਾਂ ਅਨੁਸਾਰ ਜੋ ਪ੍ਰਾਨੀ ਗੁਰੂ ਨਾਨਕ ਦੀ ਸਰਣਾਈ ਆ ਕੇ ਗੁਰਮਤਿ ਮਾਰਗੀ ਬਣਿਆ ਹੈ ਤਿਸ ਦੀ ਹੀ ਪੂਰੀ ਪੈਂਦੀ ਹੈ ਤੇ ਅਗੇ ਨੂੰ ਬੀ ਇਸ ਦੀ ਪੂਰੀ ਪਵੇਗੀ।

ਇਹੁ ਮਨੁ ਮੈਲਾ ਇਕੁ ਨ ਧਿਆਏ ॥
ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ।
ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ
ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥ ੩॥

ਇਕ ਵਾਹਿਗੁਰੂ ਨੂੰ ਨ ਧਿਆਉਣ ਕਰਕੇ ਇਹ ਮਨ ਮੈਲਾ ਹੋਇਆ ਪਿਆ ਹੈ ਤੇ ਮੈਲਾ ਹੋਇਆ ਹੀ ਰਹਿੰਦਾ ਹੈ ਇਕ ਨੂੰ ਛਡਕੇ ਦੂਜੇ


www.AKJ.Org

ਭਾਇ ਦੀ ਉਪਾਸ਼ਨਾਂ ਵਿਚ ਮਸਤ ਗਰਕ ਰਹਿੰਦਾ ਹੈ। ਦੂਜੇ ਭਾਇ ਵਿਚ ਲਗਣ ਕਰਕੇ ਸਗੋਂ ਹੋਰ ਵਧੇਰੇ ਮੈਲ ਲਗਦੀ ਰਹਿੰਦੀ ਹੈ। ਦੂਜੇ ਭਾਇ ਦੀ ਉਪਾਸ਼ਨਾਂ ਵਿਚ ਲੱਥ ਪੱਥ ਹੋਇਆ ਤਟਾਂ ਤੀਰਥਾਂ ਤੇ ਹੋਰ ਦੇਸ਼ ਦੇਸ਼ਾਂਤਰਾਂ ਵਿਖੇ ਪਿਆ ਭਾਉਂਦਾ ਫਿਰਦਾ ਹੈ। ਬਹੁਤੇ ਤੀਰਥਾਂ ਤਟਾਂ ਦੇਸ਼ ਦੇਸ਼ਾਂਤਰਾਂ ਦੇ ਭਰਮਣ ਕਰਕੇ ਭਰਮਣ ਹਾਰੇ ਅਲ੍ਹੜ ਜਗਿਆਸੂ ਦੀ ਹੰਕਾਰ ਵਾਸ਼ਨਾਂ ਹੋਰ ਵਧਦੀ ਰਹਿੰਦੀ ਹੈ ਤੇ ਹੰਕਾਰ ਹੋਣ ਕਰਿ ਹੋਰ ਵਧੇਰੇ ਹਉਮੈ ਦੀ ਮੈਲ ਚਮੇੜ ਲੈਂਦਾ ਹੈ। ਇਹ ਮੈਲ ਤਾਂ ਦੂਰ ਹੁੰਦੀ ਹੈ ਜੇ ਗੁਰ ਦੀਖਿਆ ਲੈ ਕੇ ਸਚੇ ਗੁਰੂ ਦਾ ਸੇਵਕ ਸਿਖ ਬਣੇ। ਗੁਰ ਮੰਤਰ ਗੁਰ ਦੀਖਿਆ ਗੁਰਮਤਿ ਨਾਮ ਦੇ ਅਭਿਆਸ ਵਿਚਿ ਜੁਟ ਜਾਵੇ। ਐਸਾ ਜੁਟੇ ਕਿ ਜੀਉਂਦਾ ਹੀ ਮਰ ਰਹੇ।

ਮਾਝ ਮਹਲਾ ੩॥ ਪੰਡਿਤ ਪੜਹਿ ਸਾਦੁ ਨ ਪਾਵਹਿ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ॥ ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ॥ ਸਤਿਗੁਰ ਮਿਲੈ ਤਾ ਤਤ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥ ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ॥੩॥

ਵਦ ਪਾਠੀ ਪੰਡਿਤ ਬੇਦਾਂ, ਸਿਮ੍ਰਿਤੀਆਂ ਤੇ ਸ਼ਾਸਤਰਾਂ ਨੂੰ ਪੜ੍ਹਦੇ ਹਨ ਪਰ ਉਹਨਾਂ ਨੂੰ ਪੜ੍ਹ ਕੇ ਸਵਾਦ ਕੁਛ ਨਹੀਂ ਆਉਂਦਾ। ਇਸ ਸੁਆਦ ਦਾ ਨਾ ਆਉਣਾ ਪੰਡਿਤਾਂ ਦੀ ਪੜ੍ਹਨ ਵਿਦਿਆ ਦਾ ਕਸੂਰ ਨਹੀਂ। ਦਰ ਅਸਲ ਵੇਦਾਂ ਸ਼ਾਸਤਰਾਂ ਤੇ ਸਿਮ੍ਰਿਤੀਆਂ ਆਦਿ ਵਿਚਿ ਆਈ ਪੜ੍ਹਾਈ ਹੀ ਸਚੇ ਰਸ ਸੁਆਦ ਹੀਣ ਹੈ। ਉਕਤ ਪੜ੍ਹਾਈ ਹੈ ਹੀ ਦੂਜੇ ਭਾਵ ਦੀ ਤਰੈਗੁਣਾਂ ਵਾਲੀ ਪੜ੍ਹਾਈ। ਮਾਇਆ ਵਿਚ ਮਨ ਨੂੰ ਮਨੂਰ ਕਰਨ ਵਾਲੀ ਪੜ੍ਹਾਈ। ਇਸ ਕਰਕੇ ਪੜ੍ਹਨਹਾਰੇ ਪੰਡਿਤਾਂ ਦਾ ਮਨ ਮਾਇਆ ਮਮਤਾ ਵਿਚਿ ਹੀ ਭਰਮਦਾ ਫਿਰਦਾ ਹੈ। ਇਸ ਮਾਇਆ ਦੀ ਮੋਹ ਮਮਤਾ ਨੇ ਵਿਦਵਾਨ ਪੰਡਿਤਾਂ ਦੀ ਸਭ ਸੁਧ ਗੰਵਾ ਛਡੀ ਹੈ। ਇਸ ਕਰਕੇ ਉਹ ਨਿਰੇ ਹੀ ਅਉਗਣ ਕਮਾਉਂਦੇ ਹਨ ਤੇ ਅਉਗਣ ਕਮਾ ਕਮਾ ਕੇ ਪਛੋਤਾਉਂਦੇ ਹਨ। ਪਛਤਾਉਂਦੇ ਭੀ ਹਿਰਦਿਓਂ ਨਹੀਂ। ਉਪਰ ਉਪਰ ਦਾ ਦਿਖਾਵੇ ਦਾ ਪਛੋਤਾਵਾ ਜੋ ਮਾਇਆ ਦੀ ਲਬੇੜ ਵਿਚਿ ਲਿਬੜੇ ਹੋਇਆਂ ਨੂੰ ਐਵੇਂ ਛਿਨ ਮਾਤਰ ਹੀ ਹੁੰਦਾ ਹੈ। ਸੱਚੇ ਸਤਿਗੁਰੂ ਦਾ ਮਿਲਾਪ ਹੋਵੇ ਤਾਂ ਤੱਤ ਪਦਾਰਥ ਇਹਨਾਂ ਦੇ ਪੱਲੇ ਪਵੇ ਅਤੇ ਗੁਰਮਤਿ ਨਾਮ ਏਹਨਾਂ ਦੇ ਮਨ ਵਿਖੇ ਆ ਕੇ ਵਸੇ। ਗੁਰਦੀਖਿਆ ਰੂਪੀ ਸ਼ਬਦ ਗੁਰਮੰਤ੍ਰ ਦੀ ਅਤੁੱਟ ਕਮਾਈ ਦੁਆਰਾ ਹੀ ਮਨ ਮਰਦਾ ਹੈ ਅਤੇ ਮੁਕਤੀ ਦਾ ਦਰ ਮਿਲਦਾ ਹੈ। ਆਨਮਤ ਵਿਦਿਆ ਦੇ ਅਧੀਣ ਕੀਤਿਆਂ ਮੁਕਤੀ ਕਦੇ ਨਹੀਂ ਮਿਲਦੀ ਭਾਵੇਂ ਸਾਰੀ ਉਮਰ ਇਸ ਵਿਦਿਆ ਪੜ੍ਹਾਈ ਦੀ ਸਿਰ ਖਪਾਈ ਕਰਦੇ ਰਹਿਣ।

ਪੜਿ ਪੜਿ ਥਾਕੇ ਸਾਂਤਿ ਨ ਆਈ॥ ਤ੍ਰਿਸਨਾ ਜਾਲੇ ਸੁਧ ਨ ਕਾਈ॥ ਬਿਖੁ ਬਿਹਾਝਹਿ ਬਿਖੁ ਮੋਹੁ ਪਿਆਸੇ॥ ਕੂੜ ਬੋਲਿ ਬਿਖੁ ਖਾਵਣਿਆ॥ ਗੁਰ ਪਰਸਾਦੀ ਏਕੋ ਜਾਣਾ॥ ਦੂਜਾ ਮਾਰਿ ਮਨੁ ਸਚਿ ਸਮਾਣਾ॥ ਨਾਨਕ ਏਕ ਨਾਮ ਵਰਤੇ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ॥

ਆਨਮਤ ਵਿਦਿਆ ਨੂੰ ਘੋਖ ਘੋਖ ਕੇ ਪੜ੍ਹਨ ਨਾਲ ਸੱਚੀ ਸ਼ਾਂਤੀ, ਅਨੰਦ ਮਈ ਸ਼ਾਂਤੀ, ਆਤਮ ਅਨੰਦ ਦਾਤਨੀ ਸ਼ਾਂਤੀ ਹਰਗਿਜ਼ ਨਹੀਂ ਆਉਂਦੀ, ਬਲਕਿ ਆਨਮਤ ਦੀਆਂ ਪੜ੍ਹਾਈਆਂ ਪੜ੍ਹਨ ਕਰਕੇ ਪੜ੍ਹਨ ਹਾਰਿਆਂ ਨੂੰ ਇਸ ਆਨਮਤਿ ਵਿਦਿਆ ਪੜ੍ਹਾਈ ਤੋਂ ਉਤਪੰਨੀ (ਉਤਪੰਨ ਹੋਈ) ਤ੍ਰਿਸ਼ਨਾ ਅਗਨੀ ਪੜ੍ਹਾਕੂਆਂ ਦੇ ਹਿਰਦਿਆਂ ਨੂੰ ਹੋਰ ਜਾਲ ਸਿਟਦੀ ਹੈ। ਪਰ ਬੜੀ ਹੈਰਾਨੀ ਦੀ ਗਲ ਹੈ ਏਨ੍ਹਾਂ ਹਿਰਦੇ ਜਲਿਆਂ ਨੂੰ ਏਸ ਜਲਨ ਦੀ ਸੁਧ ਮਾਤਰ ਭੀ ਨਹੀਂ ਰਹਿੰਦੀ, ਸਗੋਂ ਇਸ ਤ੍ਰਿਸ਼ਨਾ ਅਗਨ ਦੀ ਜਲਾਂਦ ਦਾ ਉਕਾ ਹੀ ਅਹਿਸਾਸ ਨ ਕਰਦੇ ਹੋਏ ਇਸ ਜ਼ਹਿਰੀਲੀ ਵਿਦਿਆ ਦੇ ਬਿਖ ਜ਼ਹਿਰ ਨੂੰ ਹੋਰ ਵਧੇਰੇ ਖਰੀਦਦੇ ਹਨ ਅਤੇ ਜਿਉਂ ਜਿਉਂ ਇਸ ਬਿਖ ਨੂੰ ਬਿਹਾਝਦੇ ਹਨ ਤਿਉਂ ਤਿਉਂ ਇਹ ਬਿਖ ਤਿਨ੍ਹਾਂ ਨੂੰ ਇਸ ਤ੍ਰਿਸ਼ਨਾ ਮਈ ਮੋਹ ਮਮਤਾ ਦੇ ਹੋਰ ਵਧੇਰੇ ਪਿਆਸੇ ਬਣਾਉਂਦੀ ਹੈ। ਬਸ ਸਾਰੀ ਉਮਰ ਕੂੜ ਹੀ ਵਿਹਾਝਦੇ ਰਹਿੰਦੇ ਹਨ ਅਤੇ ਕੂੜ ਦੀਆਂ ਪੜ੍ਹਾਈਆਂ ਕਰਿ ਕਰਿ ਕੇ ਮੁਖੋਂ ਕੂੜ ਹੀ ਦਿਨ ਰਾਤ ਬੋਲਦੇ ਹਨ ਅਤੇ ਕੂੜ ਮਈ ਬਿਖ ਨੂੰਹੀ ਖਾਂਦੇ ਪੀਂਦੇ ਹਢਾਉਂਦੇ ਹਨ। ਇਹ ਕੇਵਲ ਗੁਰਮਤਿ ਵਿਦਿਆ ਹੀ ਹੈ ਜੋ ਦੂਜੇ ਭਾਵ ਦੀ

www.AKJ.Org

ਬਿਖਿਆ ਤੋਂ ਕੱਢ ਕੇ ਇਕ ਅਕਾਲ ਪੁਰਖ ਤੇ ਸਚੇ ਨਾਮ ਨੂੰ ਜਾਨਣਾ ਪਛਾਨਣਾ ਤੇ ਵਿਹਾਝਣਾ ਸਿਖਾਉਂਦੀ ਹੈ ਅਤੇ ਦ੍ਵੈਤ ਭਾਵ ਨੂੰ ਮਾਰ ਕੇ ਸਚੜੇ ਗੁਰਮਤਿ ਭਾਵ ਦੀ ਏਕਤਾ ਵਿਚਿ ਮਨ ਹਿਰਦਾ ਇਕੱਤ੍ਰ ਕਰਦੀ ਕਰਾਉਂਦੀ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਕੇਵਲ ਗੁਰਮਤਿ ਵਿਦਿਆ ਦੇ ਪ੍ਰਤਾਪ ਕਰਕੇ ਹੀ ਏਕੋ ਨਾਮ ਮਨ ਅੰਤਰਿ ਵਸਦਾ ਵਰਤਦਾ ਹੈ। ਇਹ ਪਦ ਕੇਵਲ ਗੁਰੂ ਦੇ ਪ੍ਰਸਾਦਿ ਅਪਾਰ ਕਿਰਪਾ ਨਦਰ ਕਰਕੇ ਹੀ ਪ੍ਰਾਪਤ ਹੁੰਦਾ ਹੈ ਤਾਂ ਤੇ ਗੁਰਮਤਿ ਵਿਦਿਆ ਵਿਹੂਣ ਆਨਮਤ ਵਿਦਿਆ ਦੀਆਂ ਪੜ੍ਹਾਈਆਂ ਦਾ ਪਾਸਾਰਾ ਨਿਰਾ ਕੂੜਾਵਾ ਹੀ ਹੈ। ਤੱਤ ਵਿਦਿਆ ਹੈ ਤਾਂ ਕੇਵਲ ਗੁਰਮਤਿ ਵਿਦਿਆ ਹੀ ਹੈ।

ਮਾਝ ਮਹਲਾ ੩ ॥ ਲਿਖਦਿਆ ਲਿਖਦਿਆ ਕਾਗਦ ਮਸੁ ਖੋਈ ॥ ਦੂਜੈ ਭਾਇ ਸੁਖੁ ਪਾਏ ਨ ਕੋਈ॥ ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥ ੬ ॥ ਗੁਰਮੁਖ ਸਚੋ ਸਚ ਲਿਖਹਿ ਵੀਚਾਰ ॥ ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥ ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ ॥ ੭ ॥ ੩੧ ॥ ੨੩ ॥

ਕੱਚੀ ਬਾਨੀ ਲਿਖਣਹਾਰਿਆਂ ਅਨਮਤੀਆਂ ਨੇ ਆਨਮਤ ਭਰੇ ਕਚੀ ਬਾਨੀ ਦੇ ਅਖਰਾਂ ਨੂੰ ਲਿਖਦਿਆਂ ਲਿਖਦਿਆਂ ਕਾਗਜ਼ਾਂ ਦੇ ਭਾਰ ਭਰਿ ਭਰਿ ਕੇ ਐਵੇਂ ਹੀ ਗੰਵਾਏ ਅਤੇ ਲਿਖਣ ਬੁਘਤੇ ਘਸਾ ਘਸਾ ਮੁਕਾ ਮੁਕਾ ਕੇ ਫ਼ਜ਼ੂਲ ਹੀ ਸਿਟ ਦਿਤੇ। ਇਸ ਦੂਜੇ ਭਾਵ ਦੀ ਕਚੀ ਬਾਨੀ ਨੂੰ ਲਿਖਣ ਪੜ੍ਹਨ ਕਰਕੇ ਕਿਸੇ ਨੂੰ ਸਚਾ ਸੁਖ ਪਰਾਪਤਿ ਨਹੀਂ ਹੋਇਆ। ਓਹ ਕੂੜ ਹੀ ਲਿਖਦੇ ਹਨ ਤੇ ਨਿਰਾ ਕੂੜ ਹੀ ਕਮਾਵੰਦੇ ਹਨ। ਐਸੇ ਕੂੜ ਲਿਖਣ ਕਮਾਵਣ ਹਾਰਿਆਂ ਪਰਥਾਇ ਸਤਿਗੁਰੂ ਨੇ ਇਹ ਫ਼ਤਵਾ ਦਿਤਾ ਹੈ ਕਿ ਇਸ ਬਿਧਿ ਕੂੜ ਵਿਖੇ ਚਿਤ ਲਾਉਣ ਹਾਰਿਆਂ ਦਾ ਜਲ ਸੜ ਜਾਣਾ ਹੀ ਬਿਹਤਰ ਹੈ। ਜੋ ਗੁਰੂ ਦੇ ਭਰੋਸੇ ਵਾਲੇ ਅਨਿੰਨ ਗੁਰਸਿਖ ਗੁਰਮੁਖਿ ਜਨ ਹਨ, ਉਹ ਜਦ ਲਿਖਦੇ ਹਨ ਤਾਂ ਸੱਚੀ ਬਾਨੀ ਨੂੰ ਹੀ ਲਿਖਦੇ ਹਨ। ਸੱਚੀ ਬਾਣੀ ਦੀ ਹੀ ਵੀਚਾਰ ਵਿਆਖਿਆ ਕਰਦੇ ਹਨ। ਤਿਨ੍ਹਾਂ ਦਾ ਐਸਾ ਕਰਨਾ ਸਦਾ ਲੇਖੇ ਪੈਂਦਾ ਹੈ। ਪਰੰਤੂ ਜੋ ਪੁਰਸ਼ ਗੁਰਬਾਣੀ ਨੂੰ ਭੀ ਲਿਖ ਲਿਖ ਕੇ ਬੇਚਦੇ ਹਨ ਤਿਨ੍ਹਾਂ ਦਾ ਇਸ ਬਿਧਿ ਸਚੀ ਬਾਣੀ ਨੂੰ ਲਿਖਣਾ ਭੀ ਧ੍ਰਿਗਕਾਰ ਦਾ ਅਵੇੜਾ ਅਧਿਕਾਰੀ ਬਣਾਉਂਦਾ ਹੈ । ਯਥਾ:—"ਧ੍ਰਿਗ ਤਿਨ੍ਹਾਂ ਦਾ ਜੀਵਿਆ ਜੋ ਲਿਖਿ ਲਿਖਿ ਵੇਚਹਿ ਨਾਉ" ਸੇ ਜਨ ਸਦਾ ਹੀ ਸਚੇ ਹਨ ਜੋ ਹਿਤੋਂ ਚਿਤੋਂ ਕੇਵਲ ਪਰ-ਉਪਕਾਰ ਨਮਿਤ ਸਚੀ ਬਾਣੀ ਨੂੰ ਲਿਖਦੇ ਪੜ੍ਹਦੇ ਵੀਚਾਰਦੇ ਹਨ। ਮੋਖ ਦੁਆਰ ਪਦ ਦੀ ਪ੍ਰਾਪਤੀ ਦੇ ਸਚੇ ਅਧਿਕਾਰੀ ਸੇਈ ਜਨ ਹਨ। ਜਿਸ ਕਾਗਦ ਨੂੰ ਉਹ ਗੁਰਬਾਣੀ ਲਿਖਣ ਹਿਤ ਵਰਤਦੇ ਹਨ ਓਹ ਕਾਗਦ ਭੀ ਧੰਨ ਹੈ ਤੇ ਸਚ ਸਰੂਪਾ ਹੈ। ਓਹ ਕਲਮ ਦਵਾਤ ਭੀ ਧੰਨ ਹਨ ਅਤੇ ਸਚ ਸਰੂਪਾ ਹੈਨ ਜਿਸ ਦੁਆਰਾ ਉਹ ਸਚੀ ਬਾਣੀ ਨੂੰ ਲਿਖਦੇ ਹਨ। ਤਾਂ ਤੇ ਗੁਰਮਤਿ ਅਨੁਸਾਰ ਗੁਰਮਤਿ ਵਿਦਿਆ ਤੋਂ ਛੁਟ ਹੋਰ ਵਿਦਿਆ ਖਾਸ ਕਰ ਆਨਮਤ ਵਿਦਿਆ ਨਿਰੀ ਹੀ ਅਵਿਦਿਆ ਹੈ ਜਿਸ ਦੇ ਪੜ੍ਹਨ ਸੁਨਣ ਲਿਖਣ ਦੁਆਰਾ ਨਿਰਾ ਕਚ ਪਿੱਚਾਪਣ ਹੀ ਹਥ ਆਉਂਦਾ ਹੈ । ਅਵਿਦਿਆ ਭਰੀਆਂ ਕਚੀਆਂ ਬਾਣੀਆਂ ਜੋ ਹੋਈਆਂ। ਓਹ ਅਵਿਦਿਆ ਭਰੀਆਂ ਕਚੀਆਂ ਬਾਣੀਆਂ ਵਿਚਿ ਪੈ ਕੇ ਗੁਰਮਤਿ ਨਾਮ ਨੂੰ ਉਕਾ ਹੀ ਭੁਲਾ ਬੈਠਦੇ ਹਨ ਕਿਤੇ ਥਾਉਂ ਠਿਕਾਣਾ ਨਹੀਂ ਮਿਲਦਾ, ਓਹ ਐਉਂ ਭਰਮਦੇ ਭਟਕਦੇ ਫਿਰਦੇ ਹਨ ਜਿਵੇਂ ਸੁੰਞੇ ਘਰ ਵਿਖੇ ਕਾਉਂ ਕਊਏ ਲੌਂਦੇ ਫਿਰਦੇ ਹਨ ਯਥਾ ਗੁਰਵਾਕ :—

"ਸਬਦ ਵਿਸਾਰਨਿ ਤਿਨਾ ਠਉਰ ਨ ਠਾਉ ॥
ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ॥"

ਤਿਨ੍ਹਾਂ ਸਚੇ ਸਬਦ ਗੁਰਮਤਿ ਨਾਮ ਨੂੰ ਵਿਸਾਰਨ ਹਾਰਿਆਂ ਨੇ ਆਪਣੇ ਲੋਕ ਪਰਲੋਕ (ਹਲਤ ਪਲਤ) ਦੋਨੋਂ ਹੀ ਗੰਵਾ ਲਏ ਹਨ। ਓਨ੍ਹਾਂ ਦੇ ਨਸੀਬਾਂ ਵਿਚ ਨਿਰਾ ਦੁਖੁ ਹੀ ਦੁਖੁ ਸਹੇੜਿਆ ਰਹਿੰਦਾ ਹੈ। ਯਥਾ ਗੁਰਵਾਕ:—

ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ ॥

ਨਿਰੀ ਕੁੜਾਵੀ ਆਨਮਤ ਵਿਦਿਆ ਵਿਹਾਝਣ ਹਾਰਿਆਂ ਪਰਥਾਇ ਅਗਲੇਰਾ ਗੁਰਵਾਕ ਭੀ ਖੂਬ ਘਟਦਾ ਹੈ ਯਥਾ ਗੁਰਵਾਕ:—

ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥ ਦੂਜੈ ਭਾਇ ਬਿਰਥਾ ਜਨਮ ਗਵਾਏ ॥ ਆਪਿ ਡੂਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ ॥

www.AKJ.Org

# ਗੁਰ-ਸਿੱਖ ਮੀਤ

(ਗਿ: ਦਲਜੀਤ ਸਿੰਘ ਜੀ ਕਮਲ ਨਾਸਿਕ ਸਿਟੀ)

[ਲੜੀ-ਜੋੜਨ ਲਈ ਦੇਖੋ ਅਪਰੈਲ ਦਾ ਪਰਚਾ 1969]

ਪਿਛਲੇ ਪਰਚੇ ਅੰਦਰ ਭਾਈ ਸਾਹਿਬ ਜੀ ਦੀ ਪਹਿਲੀ ਮੁਲਾਕਾਤ ਜੋ ਹੋਈ ਉਹ ਕੇਵਲ ਨੂਰਾਨੀ-ਝਲਕਾਂ ਵਿਚ ਹੀ ਹੋਈ। ਹੁਣ ਮਨ ਅੰਦਰ ਇਹ ਤੀਬਰ ਇਛਾ ਪ੍ਰਗਟ ਹੋ ਰਹੀ ਸੀ ਕਿ ਕੀ ਇੰਨੇ ਉਚੇ ਆਤਮਿਕ-ਦਰਸ਼ੀ ਮਹਾਨ-ਤਪੱਸਵੀ ਜਿਨਾਂ ਦੇ ਰੋਮ ਰੋਮ ਅੰਦਰ ਨਾਮ ਰਵ ਰਹਿਆ ਹੈ ਇਹਨਾਂ ਦੇ ਨੇੜੇ ਹੋ ਕੇ ਕਦਮ ਬੋਸੀ ਕਰਨ ਦਾ ਸੁਭਾਗ ਵੀ ਪਰਾਪਤ ਹੋਵੇਗਾ ? ਕੀ ਮੈਨੂੰ ਵੀ ਇਹਨਾਂ ਗੁਰੂ-ਪਿਆਰਿਆਂ ਮਰ-ਜੀਵੜਿਆਂ ਦੀਆਂ ਚਰਨ-ਛੁਹਾਂ ਪਰਾਪਤ ਹੋਵਣਗੀਆਂ ? ਸੰਸਾਰ ਦੀ ਕਹਾਵਤ ਹੈ, ਚਾਹ ਹੋਵੇ ਤੇ ਰਾਹ ਲਭ ਹੀ ਪੈਂਦੇ ਹਨ ਸੋ ਸਚ ਹੀ ਮੇਰੇ ਨਾਲ ਇਸ ਹੀ ਤਰਾਂ ਹੋਇਆ ਮੈਂ ਸੰਤਾਂ ਦੇ ਡੇਰਿਆਂ ਦੇ ਹਾਲ ਵੇਖਕੇ ਬੇਹਾਲ ਹੋ ਚੁਕਾ ਸਾਂ ਸੱਚ ਪੁਛੋ ਤੇ ਗੁਰ ਸਿੱਖੀ ਵਲੋਂ ਅਸ਼ਰਧਕ ਹੋ ਚਲਿਆ ਸਾਂ ਪਰ ਜੇ ਸਿਰ ਤੇ ਸਚੇ ਸਤਿਗੁਰੂ ਮੇਹਰ ਦਾ ਹੱਥ ਰਖਣ ਤਾਂ ਉਸ ਘਰ ਕੀ ਘਾਟਾ ਹੈ ਮੈਨੂੰ ਉਸ ਕੀਰਤਨ ਵਿਚੋਂ ਜੋ ਅਲਭ ਵਸਤੂ ਪਰਾਪਤ ਹੋਈ ਸੀ ਉਹ ਰੰਗ ਤੇ ਧੁਨੀਆਂ ਨੇ ਐਸਾ ਜੀਵਨ ਦਾ ਮੋੜ ਕਟਿਆ ਤੇ ਬਿਰਤੀ ਅਤਿ ਵੈਰਾਗ ਧਾਰਨ ਕਰ ਗਈ ਖਾਣਾ ਪੀਣਾ ਹਸਣਾ ਸੌਣਾ ਵਿਸਰ ਗਿਆ ਤੇ ਥੋੜੇ ਦਿਨਾਂ ਅੰਦਰ ਹੀ ਨੌਕਰੀ ਛਡਕੇ ਆਪਣਾ ਮਕਾਨ ਵੀ ਵੇਚ ਦਿਤਾ ਤੇ ਸਿੰਘਣੀ ਨੂੰ ਬੇਨਤੀ ਕੀਤੀ ਕੇ ਤੁਸੀਂ ਘਰ ਚਲੇ ਜਾਵੋ ਦਾਸ ਸਚ ਖੰਡ ਸ੍ਰੀ ਹਜ਼ੂਰ ਸਾਹਿਬ ਜੀ ਜਾਵੇਗਾ ਪਰ ਉਹ ਬੜੀ ਪਕੇ ਇਰਾਦੇ ਦੀ ਨਿਕਲੀ ਕਹਿਣ ਲਗੀ ਸੁਆਮੀ ਜੀ ਮੈਂ ਤੇ ਤੁਹਾਡੇ ਚਰਨਾ ਵਿਚ ਹੀ ਰਹਿਣਾ ਹੈ ਮੇਰਾ ਘਰ ਤੇ ਤੁਹਾਡੇ ਚਰਨਾ ਵਿਚ ਹੈ ਜਿਥੇ ਤੁਸੀਂ ਰਹੋਗੇ ਮੈਂ ਉਥੇ ਹੀ ਰਹਾਂਗੀ ਦਾਸ ਨਿਰਉਤਰ ਹੋ ਗਿਆ ਤੇ ਸਾਜੋ ਸਾਮਾਨ ਲੈ ਕੇ ਬੰਬਈ ਤੋਂ ਸਿਧੇ ਸਚ ਖੰਡ ਸ੍ਰੀ ਹਜ਼ੂਰ ਸਾਹਿਬ ਜੀ ਪੁਜ ਗਏ। ਦਾਸ ਉਥੇ ਦੀ ਸੇਵਾ ਤੇ ਗੈਬੀ ਚਮਤਕਾਰ ਕਿਤੇ ਫਿਰ ਜ਼ਿਕਰ ਕਰੇਗਾ। ਅਸੀਂ ਦੰਪਤੀ ਕਈ ਮਹੀਨੇ ਰਹੇ ਤੇ ਜਦ ਪਾਸ ਦੀ ਮਾਇਆ ਲੇਖੇ ਲਗ ਗਈ ਘਰੋਂ ਪਿਤਾ ਜੀ ਹੋਰਾਂ ਪਾਸੋਂ ਕਰਾਇਆ ਮੰਗਾ ਕੇ ਪੰਜਾਬ ਪੁਜ ਗਏ ਸਾਰੇ ਦਰਸ਼ਨ ਮੇਲੇ ਤੋਂ ਬਾਦ ਕੁਝ ਦਿਨ ਦਸੂਹੇ ਰਹੇ ਇਥੇ ਮਨ ਇਡਾ ਉਪਰਾਮ ਹੋਇਆ ਕੇ ਸੰਤ ਬਾਬਾ ਹਰੀ ਸਿੰਘ ਕਹਾਰ ਪੁਰੀਆਂ ਦੇ ਦਰਸ਼ਨ ਦੀ ਖਿਚ ਪਈ ਟੂਕ ਮਾਤਰ ਜ਼ਿਕਰ ਤਾਂ ਕਰਨ ਲਗਾ ਹਾਂ ਇਹ ਖਿਚ ਬੜੀ ਅਜੀਬ ਸੀ ਦਾਸ ਸਵੇਰੇ ਕਛੈਰੇ ਬੁਨੈਨ ਨਾਲ ਚਾਦਰ ਲੈ ਕੇ ਕੇਸਕੀ ਨਾਲ ਹੀ ਕਰਮੰਡਲ ਲਿਆ ਪੈਰਾਂ ਵਿਚ ਪਉਵੇ ਸਨ ਕਿਸੇ ਸੋਦ ਵਿਚ ਤੁਰਿਆ ਹੀ ਗਿਆ ਜਾਂ ਥੋੜੀ ਦੇਰ ਬਾਦ ਪਿਛਾਂ ਵੇਖਿਆ ਤੇ ਧਰਮ ਪਤਨੀ ਨਾਲ ਹੀ ਆ ਰਹੀ ਸੀ ਉਹਨਾਂ ਨੂੰ ਪਿਛੇ ਜਾਣ ਦਾ ਇਸ਼ਾਰਾ ਕਰ ਕੇ ਦਾਸ ਪੈਦਲ ਹੀ ਹੁਸ਼ਿਆਰਪੁਰ ਪੁਜ ਗਿਆ ਤੇ ਰਾਤ ਕਟੀ ਸਵੇਰੇ ਅੰਮ੍ਰਿਤ ਵੇਲੇ ਹੀ ਨਿਤਨੇਮ ਕਰ ਕੇ ਸਵੇਰੇ ਸਵੇਰੇ ਸੰਤਾਂ ਦੇ ਜਾ ਦਰਸ਼ਨ ਕੀਤੇ ਉਹਨਾਂ ਬੜਾ ਪਿਆਰ ਕੀਤਾ ਮੁਸਕਰਾਏ ਗਲਵਕੜੀ ਵਿਚ ਲਿਆ ਤੇ ਕਹਿਣ ਲਗੇ ਦਲਜੀਤ ਸਿੰਘ ਬਈ ਏਡੀ ਸਰਦੀ ਵਿਚ ਇਸ ਤਰਾਂ ਕਿਉਂ ਤੁਰ ਪਿਆ ਦਰਜ਼ੀ ਬੁਲਾਕੇ ਕਪੜੇ ਤਿਆਰ ਕਰ ਪੁਵਾਏ ਤੇ ਥੋੜੇ ਦਿ

www.AKJ.Org

ਦਾਸ ਇਹਨਾਂ ਪਾਸ ਰੇਹਾ। ਜਿਹੜੇ ਦਿਨ ਦਾਸ ਇਹਨਾਂ ਪਾਸ ਰਿਹਾ ਸਵਰਨ ਕੌਰ ਨਿਰਹਾਰ ਰਹਿ ਕੇ ਸਿਮਰਨ ਵਿਚ ਜੁਟੀ ਰਹੀ।

## ਵਾਪਸ ਬੰਬਈ

ਥੋੜੇ ਸਮੇਂ ਅੰਦਰ ਹੀ ਵਾਪਸ ਬਬੰਈ ਪੁਜ ਗਏ ਤੇ ਜਥੇ ਦੀਆਂ ਰੈਣ ਸਬਾਈ ਕੀਰਤਨਾਂ ਦੀਆਂ ਧੁੰਮਾਂ ਪੈ ਚੁਕੀਆਂ ਸਨ ਤੇ ਅਣਥੱਕ ਵੀਰ ਦਰਸ਼ਨ ਸਿੰਘ ਜੀ ਥੈਲੇ ਵਿਚਖੜਤਾਲਾਂਪਾਈ ਤੁਰੇ ਹੀ ਰਹਿੰਦੇ ਸਨ। ਵੀਰ ਪੂਰਨ ਜੀ ਤੋਂ ਬਿਨਾਂ ਦਾਸ ਅਜੇ ਹੋਰ ਕਿਸੇ ਵੀਰ ਨਾਲ ਬਹੁਤ ਨੇੜੇ ਹੋਣ ਦਾ ਮੌਕਾ ਨਹੀਂ ਮਿਲਿਆ ਸੀ ਤੇ ਦਾਸ ਦਾ ਭਾਈ ਸਾਹਿਬ ਗੁਰਮੁਖਿ ਸਿੰਘ ਜੀ ਹੈਡ-ਗ੍ਰੰਥੀ ਖਾਰ ਬੰਬਈ ਵਾਲਿਆਂ ਨਾਲ-ਬਹੁਤ ਪਿਆਰ ਵਧ ਗਿਆ ਤੇ ਉਹਨਾਂ ਦੇ ਪਾਠ-ਤੇ ਕੀਰਤਨ ਵਿਚ ਕੋਈ ਗੈਬੀ-ਰਸ-ਅਨੰਦ ਵਿਗਾਸ ਹੋਇਆ ਕਰਦੇ ਸਨ ਤੇ ਦਾਸ ਉਹਨਾਂ ਪਾਸੋਂ ਕੀਰਤਨ ਦੀ ਦਾਤ ਵੀ ਪਰਾਪਤ ਕਰ-ਰਿਹਾ ਸੀ ਵੈਸੇ-ਆਪ ਤੋਂ ਵਡੇ ਗੁਣੀ ਪੁਰਸ਼ਾਂ ਦੀ ਕਦਰ-ਕਰਨੀ ਹੀ ਚਾਹੀਦੀ ਹੈ ਇਥੇ ਕਦੀ-ਕਦੀ ਭਰਾ ਦਰਸ਼ਨ ਸਿੰਘ ਜੀ ਵੀ ਆ ਜਾਇਆ ਕਰਦੇ-ਸਨ ਦਾਸ,ਭਾਈ ਗੁਰਮੁਖ ਸਿੰਘ ਜੀ ਹੋਰਾਂ ਦੇ ਪਿਛੇ, ਬੈਠਕੇ ਕੀਰਤਨ ਸਰਵਣ ਕਰਿਆ ਕਰਦਾ ਸੀ ਤੇ ਕਈ ਵਾਰੀ ਸੰਗਤਾਂ ਨੇ ਉਠ ਜਾਣਾ ਫਿਰ ਵੀ ਆਸਰੇ ਦਾ ਚੋਕੜਾ ਲਗਾ ਰਹਿਣਾ ਇਸ ਹਾਲਤ ਵਿਚ ਇਕ ਦਿਨ ਭਾ: ਸਾਹਿਬ ਦਰਸ਼ਨ ਸਿੰਘ ਆ ਗਏ ਨੂੰ ਉਠਾਕੇ ਗਲਵਕੜੀ ਵਿਚ ਲਿਆ ਤੇ ਬਹੁਤ ਹੀ ਪਿਆਰ ਕੀਤਾ ਉਹ-ਗਲ-ਵਕੜੀ ਕਾਹਦੀ ਸੀ ਕੋਈ ਜਾਦੂ ਸੀ ਬਿਹੋਸ਼ ਕਰਨ ਵਾਲੀ ਨਹੀਂ ਵਿਸਮਾਦ ਕਰਨ ਵਾਲਾ ਜਾਦੂ ਸੀ ਮੈਨੂੰ ਕੋਈ ਸੁਰਤ-ਚੇਤਾ ਨਹੀਂ ਮੇਰੇ ਦਾਤਾ ਜੀ ਕੀ ਚੋਜ ਕਰਨਗੇ ਭਾਈ ਗੁਰਮੁਖਿ ਸਿੰਘ ਨੂੰ ਕਹਿਣ ਲਗੇ ਇਸ ਸਿੰਘ ਦਾ ਕੀ ਨਾ ਏ।

ਉਹਨਾਂ ਦਸਿਆ, ਜੀ ਦਲਜੀਤ ਸਿੰਘ ਚੰਗਾ ਆਰਿਓ ਫਿਰ ਰਾਤੀਂ ਸਾਡੇ ਘਰ ਇਹਨਾਂ ਨੂੰ ਲੈ ਆਵਣਾ ਦਾਸ ਇਹ ਬਚਨ ਅਚਨਚੇ ਮਿਲਾਪ ਤੋਂ ਬਹੁਤ ਹੀ ਭਰਵਾਵਤ ਹੋਇਆ ਤੇ ਰਾਤੀਂ ਭਾਈ ਗੁਰਮੁਖਿ ਸਿੰਘ ਦਾਸ ਨੂੰ ਦੌਲਤ ਵੀਲਾ ਵਿਚ ਲੈ ਗਏ ਮੈਂ ਕੀ ਜਾਣਦਾ ਸੀ ਇਹ ਨਾਮ ਦੀ ਦੌਲਤ ਵੀਲਾ ਨਹੀਂ ਇਥੇ ਸਚੀ ਹੀ ਦੌਲਤਾਂ ਦੇ ਖਜ਼ਾਨੇ ਭਰੇ ਪਏ ਹਨ, ਉਹਨਾਂ ਵਿਚੋਂ ਅਜ-ਸਾਨੂੰ ਹਿਸਾ ਪਰਾਪਤ ਹੋਵੇਗਾ ਧੰਨ-ਹਨ ਕਲਗਸ਼ ਸਤਿਗੁਰੂ ਦਸਮੇਸ਼ ਸਤਿਗੁਰੂ।

## ਅਚਿੰਤ-ਬਖਸ਼ਸ਼ਾਂ ਦੀ ਦਾਤ

ਉਥੇ ਜਾਕੇ ਪਤਾ ਲਗਾ ਕੇ ਅਜ ਇਥੇ ਜਹਾਜ਼ ਤਿਆਰ ਹੋਣਾ ਹੈ ਤੇ ਬਹੁਤ ਸਾਰੀਆਂ ਸੰਗਤਾਂ-ਜਹਾਜ਼ ਚੜਨ ਵਾਲੀਆਂ ਹੀ ਹਨ ਮੈਂ ਹੈਰਾਨ ਸਾਂ-ਕੇ ਬੰਬਈ ਵਰਗੇ ਸ਼ਹਿਰ ਅੰਦਰ ਕਲਗੀਵਾਲਾ ਕੀ ਕੌਤਕ ਵਰਤਾ ਰਿਹਾ ਹੈ ਕੇ ਗੁਪਤ ਗੁਪਤ ਹੀ ਆਪਣੀ ਗੁਰ ਸਿਖੀ ਨੂੰ ਬਿਸਥਾਰ ਰਿਹਾ ਹੈ ਪ੍ਰੀਤਮ ਜੀ ਤੁਹਾਡੀਆਂ ਤੁਸੀਂ ਹੀ ਜਾਣੋਂ ਅਜ ਇਸ ਸਮਾਗਮ ਅੰਦਰ ਮੇਰੇ ਪਰਮ ਮਿਤਰ ਵੀਰ ਇੰਦਰ ਸਿੰਘ ਰੇਲਵੇ ਵਾਲੇ ਜੋ ਅਜਕਲ ਝਾਂਸੀ ਹਨ ਇਹਨਾਂ ਦੇ ਜੀਵਨ ਦੇ ਵੀ ਬੜੇ ਨਰਾਲੇ ਚੋਜ ਹਨ ਤੇ ਅਣਥਕ ਨਾਮ ਦੀ ਕਮਾਈ ਕਰਨ ਵਾਲੇ ਭਾਈ ਸੁਜਾਨ ਸਿੰਘ ਜੀ ਜੋ ਹਾਲ ਦਿਲੀ ਹਨ ਇਹ ਸਾਰੀਆਂ ਰੂਹਾਂ ਪਰਵਾਰਾਂ ਸਹਿਤ ਜੀਵਨ ਪਦਵੀ ਪਰਾਪਤ ਕਰਨ ਪੁਜੀਆਂ ਹੋਈਆਂ ਸੀ। ਹਾਂ ਅਖਾੜੇ ਰਚੇ ਗਏ ਸ੍ਰੀ ਪੰਚਾ ਦੀ ਤਿਆਰੀ ਅਰੰਭ ਹੋਈ ਉਚੀਆਂ ਧੁਨੀਆਂ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਤੇ ਹੋਰ ਪਾਠ ਅਰੰਭ ਹੋ ਗਏ ਤੇ ਪੇਸ਼ੀਆਂ ਅਰੰਭ ਹੋਈਆਂ ਸਾਡੇ ਪਰਮ ਮਿਤਰ ਭਾਈ ਗੁਰਮੁਖ ਸਿੰਘ ਜੀ ਪੇਸ਼ ਹੋਇ ਪਰ ਬੀਬੀ ਜੀ ਨਾਲ ਨਾਂ ਹੋਣ ਕਾਰਨ ਵਾਪਸ ਹੋ ਗਏ ਤੇ ਚਲੇ ਗਏ ਪਪੀਹੇ ਬੋਲ ਉਠੇ ਕੀ ਅੰਦਰ ਤੇ ਕੀ ਬਾਹਰ ਦੌਲਤ ਵਿਲਾ ਨੂੰ ਭਾਗ ਲਗ ਰਹੇ ਸਨ ਇਹ ਅਸਥਾਨ ਬੰਬਈ ਕਿੰਗਜ਼ ਸਰਕਲ ਪਾਸ ਹੈ ਵਾਹ ਵਾਹ ਭਾਂਵੇ ਦਾਸਰਾ ਗੁਰਮਤਿ-ਘਰਾਣੇ ਦਾ


www.AKJ.Org

ਜੰਮ ਪਲ ਸੀ ਪਰ ਇਥੇ ਖੇਡਾਂ ਹੀ ਨਿਰਾਲੀਆਂ ਸਨ ਪੇਸ਼ੀਆਂ ਹੋਈਆਂ ਦਾਸਰੇ ਦਾ ਨੰਬਰ ਆਇਆ। ਪੇਸ਼ ਹੋਣ ਤੇ ਜਥੇ ਦੇ ਅਸੂਲਾਂ ਮੁਤਾਬਿਕ ਬਹੁਤ ਹੀ ਘਾਟਾਂ ਸਨ ਪੰਚਾਂ ਪ੍ਰਵਾਨਗੀ ਤੇ ਦਿਤੀ ਪਰ ਫਿਰ ਸਿੰਘਣੀ ਨਾਲ ਨਹੀਂ ਸੀ ਉਹ ਪੰਜਾਬ ਸੀ ਦਾਸ ਨੂੰ ਹੁਕਮ ਹੋਇਆ ਉਹਨਾਂ ਦੇ ਔਣ ਤੇ ਫਿਰ ਕਠੇ ਹੀ ਛਕਣਾ ਪਰ ਦਾਸ ਤਾਂ ਹਾਲੋਂ ਬਿਹਾਲ ਹੋ ਚੁਕਾ ਸੀ ਦਾਸ ਨੇ ਬੇਨਤੀ ਕੀਤੀ ਸਚੇ ਪਾਤਸ਼ਾਹ ਜੀ ਦਾਸਰਾ ਇਕ ਘੜੀ ਵੀ ਨਹੀਂ ਕਟ ਸਕਦਾ, ਹੁਣ ਮਾਨ-ਸਰੋਵਰ ਤੋਂ ਖਾਲੀ ਕਿਵੇਂ ਜਾਵਾਂ ਜੀ ਮੇਰੇ ਤੇ ਰਹਿਮ ਕਰੋ, ਤਰਸ ਕਰੋ, ਚਰਨਾਂ ਵਿਚ ਜੋੜ ਲਵੋ ਜੀ ਆਪ ਜੀ ਤੇ ਸਰਬ ਕਲਾ ਸਮਰੱਥ ਹੋ, ਹੁਕਮ ਹੋਇਆ—ਨਹੀਂ, ਨਾਲ ਪਤਨੀ ਲਿਆਉ; ਕਿਉਂਕਿ ਬਾਦ ਵਿਚ ਬੀਬੀਆਂ ਕੇਸਕੀ ਉਤਾਰ ਕੇ ਢਿੱਲੀਆਂ ਹੋ ਜਾਂਦੀਆਂ ਹਨ। ਦਾਸ ਨੇ ਬੇਨਤੀ ਕੀਤੀ, ਸਚੇ ਪਾਤਸ਼ਾਹ! ਉਹ ਆਪ ਜੀ ਦੀ ਬੱਚੀ ਐਸੀ ਨਹੀਂ ਆਗਿਆਕਾਰ ਹੈ ਜੋ ਆਪ ਜੀ ਦੇ ਹੁਕਮ ਹਨ ਉਹਨਾਂ ਨੂੰ ਸਿਰ ਮਥੇ ਕਬੂਲ ਕਰੇਗੀ ਜੀ ਇਸ ਦਾ ਦਾਸਰਾ ਪੱਕਾ ਵਿਸ਼ਵਾਸ਼ ਦਵਾਉਂਦਾ ਹੈ। ਅੰਤਰਜਾਮੀ ਜੀ, ਬਾਕੀ ਆਪ ਜੀ ਸਾਰਾ ਕੁਝ ਭਲੀ ਪ੍ਰਕਾਰ ਜਾਣਦੇ ਹੀ ਹੋ, ਜਿਵੇਂ ਭਾਵੇ ਮੈਨੂੰ ਤਾਰੋ ਫਿਰ ਕੀ ਸੀ ਬਾਜਾਂਵਾਲੇ ਨੇ ਰਹਿਮਤਾਂ ਕੀਤੀਆਂ ਪੰਚਾਂ ਪਰਵਾਨਗੀ ਦੇ ਦਿਤੀ ਤੇ ਜਿਸ ਵੇਲੇ ਅੰਮ੍ਰਿਤ ਤਿਆਰ ਹੋ ਰਿਹਾ ਸੀ ਉਦੋਂ ਹੀ ਦਾਸ ਕਈ ਵਾਰੀ ਡਿਗਦਾ ਡਿਗਦਾ ਮਸਾਂ ਹੀ ਸੰਭਲਿਆ ਤੇ ਜਦੋਂ ਚੁਲਿਆਂ ਦੀ ਵਾਰੀ ਆਈ ਅੰਤਰ ਆਤਮੇ ਅੰਮ੍ਰਿਤ ਪ੍ਰਵੇਸ਼ ਹੋਇਆ ਤੇ ਨੇਤਰਾਂ ਵਿਚ ਗਿਆ ਤੇ ਸੀਸ ਵਿਚ ਪਿਆ ਅਤੇ ਪੰਜਾਂ ਨੇ ਸਿਰ ਤੇ ਹੱਥ ਰਖਿਆ ਹੀ ਸੀ, ਜਿਵੇਂ ਸਮੁੰਦਰ ਵਿਚ ਜਵਾਹਰ ਭਾਟਾ ਆ ਜਾਂਦਾ ਹੈ, ਇਸ ਤਰਾਂ ਗੈਬੀ ਸ਼ਕਤੀਆਂ ਤੇ ਆਤਮਿਕ ਜੈਤ ਨੇ ਹੁਲਾਰੇ ਲਿਸ਼ਕਾਰੇ ਮਾਰੇ। ਪੰਚਾਂ ਨੇ ਬੁਹਤ ਤਕੜੇ ਹਥ ਕਾਬੂ ਕੀਤਾ ਸਰੀਰ ਛਤ ਵਲ ਉਡੇ ਫੁਟ ਡੇਢ ਫੁਟ ਤੋਂ ਫਿਰ ਪੰਚ ਕਾਬੂ ਕਰ ਲੈਣ ਪਤਾ ਨਹੀਂ ਅਜ ਸਤਿਗੁਰੂ ਸ਼ਬਦ ਉਜਾਰੋ ਦੀਪਾ ਦੀ ਇਸ ਕਲਾ ਨੇ ਕੀ ਖੇੜ ਖਿੜਾਏ ਬਹੁਤ ਦਾਸਰੇ ਨੂੰ ਹੀ ਸਾਂਭਦੇ ਰਹੇ ਤੇ ਬਸ ਕਹਿਣ ਕਥਨ ਤੋਂ ਬਾਹਰਾ ਜੀਵਨ ਪਦ ਪਰਾਪਤ ਹੋਇਆ। ਬਸ ਇਕ ਛਿਨ ਵਿਚ ਹੀ ਮੇਰੇ ਪਾਤਸ਼ਾਹ ਨੇ ਮਨੂਰ ਤੇ ਮੇਹਰ ਕਰ ਦਿਤੀ ਵਾਹ ਕਿਆ ਗੁਰਮਤਿ ਗੁੜਤੀ ਦੇ ਗੁਝੇ ਭੇਦ ਹਨ ਇਹ ਨੂੰ ਸਾਂਗੋ ਪਾਂਗ ਵਰਤਣ ਤੋਂ ਬਿਨਾਂ ਜੀਵਾਂ ਨੂੰ ਕਿਵੇਂ ਪਰਤੀਤ ਆ ਸਕਦੀ ਹੈ ਬਸ ਜੀ ਅਜ ਤਾਂ ਸਭੇ ਟੋਲ ਸੁਹਾਵਣੇ ਹੋ ਗਏ ਮੇਰੇ ਸਚੇ ਸ਼ਾਹੁ ਜੀ ਅੰਙਣੇ ਭਾਗ ਲਾ ਰਹੇ ਸਨ ਪੰਚਾਂ ਨੇ ਉਪਦੇਸ਼ ਦਿਤਾ ਤੇ ਦਾਸ ਦਾ ਖੰਡਾ ਐਸਾ ਚਾਲੂ ਹੋਇਆ ਕੇ ਰੁਕਿਆ ਰੁਕੇ ਹੀ ਨਾਂ ਉਦਰੋਂ ਖਾਰ ਗੁਰਦਵਾਰੇ ਸਾਹਿਬ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਵਕਤ ਹੋ ਰਿਹਾ ਸੀ ਦਾਸਰਾ ਲੜ ਖੜਾਂਦਾ ਉਥੇ ਪੁਜਾ ਤੇ ਫਿਰ ਆਪਣੀ ਥਾਂ ਤੇ ਪਿਛੇ ਜਾਕੇ ਕੀਰਤਨ ਸੁਣਨ ਬੈਠ ਗਿਆ ਪਰ ਅਜ ਦਾ ਜੋ ਅਨੰਦ ਸੀ ਉਹ ਖੰਡਾ ਖੜਕੇ ਮੇਰੇ ਵਸੋਂ ਬਾਹਰ ਦੀ ਸੀ ਉਸਨੂੰ ਰੋਕਣਾ। ਅਜ ਵੀਰ ਜੀ ਕੀਰਤਨ ਕਰਕੇ ਉਠੇ, ਦਾਸ ਨੇ ਗਲਵਕੜੀ ਪਾ ਲਈ ਤੇ ਉਹਨਾਂ ਵੀ ਬਹੁਤ ਪਿਆਰ ਕੀਤਾ, ਪਰ ਸੰਗਤ ਬੜੀ ਹੈਰਾਨ ਸੀ ਕਿ ਦਲਜੀਤ ਸਿੰਘ ਨੂੰ ਅਜ ਹੋ ਕੀ ਗਿਆ ਹੈ ਪਹਿਲਾਂ ਤੇ ਕਦੀ ਐਸਾ ਨਹੀਂ ਕੀਤਾ ਪਰ ਇਹ ਗੁਝੇ ਭੇਦ ਤੇ ਸਚੇ ਸਾਹਿਬ ਹੀ ਜਾਣਦੇ ਸਨ, ਅਜ ਇਹ ਦਾਤ ਪਰਾਪਤ ਕਰਨ ਤੋਂ ਬਾਹਦ ਪਹਿਲਾ ਦਿਨ ਮੇਰੇ ਜੀਵਨ ਦੀ ਪਹਿਲੀ ਸੁਹਾਗ ਰਾਤ ਆ ਰਹੀ ਸੀ। ਹੁਕਮਨਾਮਾ ਸੁਣਦਿਆਂ ਹੀ ਬਿਰਤੀ ਐਸੀ ਚੜ੍ਹੀ, ਮਾਰ ਗਈ ਉਚੀਆਂ ਉਡਾਰੀਆਂ। ਸਮਾਪਤੀ ਤੋਂ ਬਾਦ ਸੰਗਤਾਂ ਚਲੀਆਂ ਗਈਆਂ। ਦਾਸ ਤੇ ਸਵੇਰ ਦਾ ਬੈਠਾ ਹੋਇਆ ਕਈ ਘੰਟੇ ਇਸੇ ਹੀ ਰੰਗ ਵਿਚ ਬੈਠਾ ਰਿਹਾ ਤੇ ਸ਼ਾਮ ਨੂੰ ਬਿਰਤੀ ਉਪਰਾਮ ਹੋਈ। ਯਾਦ ਰਹੇ ਕਿ ਜਦੋਂ ਦਾਸ ਨੂੰ ਪੰਚ ਨਾਮ ਦ੍ਰਿੜ ਕਰਵਾ ਰਹੇ ਸਨ, ਪੰਚਾਂ ਪਾਸੋਂ ਉਤਾਂਹ ਵਲ ਉੱਡਦਾ ਤੇ ਉਹ ਪਕੜ ਕੇ ਬੜੀ ਆਤਮਿਕ-ਸ਼ਕਤੀ ਨਾਲ ਥੱਲੇ ਲਿਆਉਂਦੇ, ਤੇ ਦਾਸ ਦਾ ਬੀਰ ਆਸਨਾਂ ਵਾਲਾ ਜੋ ਗੋਡਾ ਸੀ


www.AKJ.Org

ਉਸਨੂੰ ਬਹੁਤ ਹੀ ਸੱਟਾਂ ਲਗ ਚੁਕੀਆਂ ਸਨ ਤੇ ਇਹ ਬਿਲਕੁਲ ਫਿਸ ਚੁਕਾ ਸੀ ਪਰ ਇਸ ਵਿਚਾਰੇ ਵੱਲ ਹੁਣ ਕੇਹੜਾ ਧਿਆਨ ਦੇਵੇ। ਇਸ ਦਾ ਕੋਈ ਵੀ ਖ਼ਿਆਲ ਨਾ ਰਖਦਿਆਂ ਹੋਇਆਂ ਸ਼ਾਮੀਂ ਚੁਪ ਚੁਪਾਤਾ ਆਤਮਕ ਚਲੂਲੜੇ ਰੰਗਾਂ ਵਿਚ ਗੁਰਦਵਾਰੇ ਸਾਹਿਬ ਉਪਰਲੀ ਛਤੇ ਜਾ ਚੜ੍ਹਿਆ। ਬੜਾ ਹੀ ਬੂੰਦਾ ਬਾਂਦੀ ਦਾ ਸੁਹਾਵਣਾ ਸਮਾਂ ਸੀ। ਗੁੰਬਜ਼ ਦੇ ਲੈਂਟਰ ਦਾ ਜੋ ਸ਼ੇਡ ਵਧਿਆ ਹੋਇਆ ਸੀ, ਦਾਸ ਚੌਕੜਾ ਮਾਰ ਉਥੇ ਹੀ ਡੱਟ ਗਿਆ ਤੇ ਗੋਡੇ ਦੇ ਭਾਰੇ ਜ਼ਖਮ ਵਲ ਕੋਈ ਧਿਆਨ ਨਾ ਦਿਤਾ।

## ਨਾਮ ਅੰਮ੍ਰਿਤ ਦੀਆਂ ਬਰਕਤਾਂ

ਚਾਰ ਦਿਨ ਇਕ ਟੱਕ ਖੰਡਾ ਖੜਕਣਾ।

ਉਪਰ ਕਾਦਰ ਦੀ ਕੁਦਰਤ ਨੇ ਐਸਾ ਮੋਹਿਆ ਮੇਰੇ ਵਾਸਤੇ ਇਹ ਗੁਬਜ ਉਚ-ਮਹਿਲ ਸਨ, ਐਸਾ ਤੋਰਾ ਤੁਰਿਆ ਲਗਾਤਾਰ ਚਾਰ ਦਿਨ ਤੇ ਚਾਰ ਰਾਤਾਂ ਦਾਸ ਦਾ ਕਿਸੇ ਨੂੰ ਪਤਾ ਨਾ ਲਗਾ। ਸਿੰਘਣੀ ਪੰਜਾਬ ਸੀ, ਪਰਵਾਰ ਇਹੋ ਸੀ ਹੋਰ ਅਜੇ ਸੁਰਖਰੂ ਸਾਂ। ਇਕੋ ਇਕ ਪਤਾ ਕਰਨ ਵਾਲੇ ਪਿਆਰੇ ਭਾਈ ਗੁਰਮੁਖ ਸਿੰਘ ਹੈੱਡਗ੍ਰੰਥੀ ਸਾਹਿਬ ਖਾਰ ਹੀ ਸਨ। ਜਿਨ੍ਹਾਂ ਪਤਾ ਕਰਨਾ ਸੀ, ਉਹਨਾਂ ਸਮਝਿਆ ਕਿ ਦਾਸ ਘਰ ਚਲਾ ਗਿਆ ਹੈ ਖੈਰ ਦਾਤ ਲਿਆਂ ਪੰਜਵਾਂ ਦਿਨ ਆਇਆ ਤੇ ਦਾਸ ਦੀ ਬਿਰਤੀ ਉਪਰਾਮ ਹੋਈ ਤੇ ਜਾਂ ਵੇਖਿਆ ਲੱਤ ਵੱਲ, ਬੀਰ-ਆਸਨ ਵਾਲੀ ਲੱਤ ਬਾਰਸ਼ ਦੇ ਮੌਸਮ ਕਾਰਨ (ਸੈਪਟਿਕ) ਦਾ ਸ਼ਿਕਾਰ ਹੋ ਚੁਕੀ ਸਾਰੀ ਲੱਤ ਅੰਦਰ ਸੋਜ਼ਸ਼ ਤੇ ਪੀਪ ਭਰ ਗਈ। ਸਾਡੇ ਪਰਮ ਮਿੱਤਰ ਜੇ. ਜੇ. ਹਸਪਤਾਲ ਬੰਬਈ ਦੇ ਡਾ: ਅੰਮ੍ਰਿਤ ਲਾਲ ਜੀ ਜਥੇ 'ਚ ਆਉਣ ਤੋਂ ਪਹਿਲਾਂ ਜਿਨ੍ਹਾਂ ਨਾਲ ਰੋਟੀ ਮੇਰੀ ਕੱਠੀ ਹੁੰਦੀ ਇਹਨਾਂ ਦੇ ਧਰਮ ਪਤਨੀ ਬੀਬੀ ਊਸ਼ਾ ਵੀ ਡਾਕਟਰ ਸਨ। ਇਹਨਾਂ ਦੋਹਾਂ ਹੀ ਜੀਆਂ ਨੇ ਦਾਸ ਦੀ ਲੱਤ ਦਾ ਇਲਾਜ ਕੀਤਾ ਤੇ ਦਿਨਾਂ ਵਿਚ ਹੀ ਸਾਰੀ ਪਸ-ਟੀਕਿਆਂ ਨਾਲ ਸੋਕ ਕਰ ਦਿਤੀ ਤੇ ਦਾਸ ਥੋੜੇ ਦਿਨਾਂ ਬਾਦ ਵੀਰ ਦਰਸ਼ਨ ਸਿੰਘ ਹੋਰਾਂ ਪਾਸ ਗਿਆ, ਉਥੇ ਉਹ ਖੰਡਾ ਖੜਕਿਆ ਤੇ ਵੀਰ ਜੀ ਕਹਿਣ ਲਗੇ ਸਿੰਘੋ! ਭਾਂਡੂਪ, ਪਹਾੜੀ ਤੇ ਖੰਡਿਆਂ ਦੀ ਰੈਣ ਸਭਾਈ ਰਖੀਏ। ਸਾਨੂੰ ਬੜਾ ਚਾਅ ਸੀ ਅਸੀਂ ਸਾਰੇ ਹੀ ਤਿਆਰ ਹੋਕੇ ਭਾਂਡੂਪ ਪੁਜ ਗਏ। ਇਸ ਰੈਣ ਸਬਾਈ ਵਿਚ ਕੀ ਕੌਤਕ ਵਰਤੇ, ਭਾਈ ਸਾਹਿਬ ਜੀ ਦਾ ਆਤਮਿਕ ਮੇਲ ਤੇ ਖ਼ਤੋ-ਖ਼ਤਾਬਤ ਸ਼ੁਰੂ ਹੋਈ। (ਚਲਦਾ)

## ਕੀਰਤਨ ਸਮਾਗਮ

ਭਾਈ ਮਨਮੋਹਨ ਸਿੰਘ ਜੀ ਬੁਤਾਲਾ ਸੂਚਨਾ ਦੇਂਦੇ ਹਨ ਕਿ ਪਿੰਡ ਕਰਿਆਮ ਜ਼ਿਲਾ ਜਲੰਧਰ ਵਿਚ 10-5-69 ਨੂੰ ਰੈਣ ਸਬਾਈ ਕੀਰਤਨ ਹੋ ਰਿਹਾ ਹੈ ਸੋ ਨਜ਼ਦੀਕ ਦੀਆਂ ਸੰਗਤਾਂ ਹਾਜ਼ਰੀ ਭਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ।

ਨੋਟ:—1 ਕਰਿਆਮ ਫਲੌਰ ਤੋਂ ਨਵੇਂ ਸ਼ਹਿਰ ਵਾਲੀ ਸੜਕ ਉਤੇ ਹੈ।

2 ਲੁਧਿਆਣੇ ਤੋਂ ਬਸ ਸਿਧੀ ਮਿਲਦੀ ਹੈ ਤੇ ਜਲੰਧਰ ਤੋਂ ਨਵੇਂ ਸ਼ਹਿਰ ਤਕ, ਅਤੇ ਉਸ ਤੋਂ ਅਗੇ ੨ ਮੀਲ, ਉਹ ਭੀ ਲੁਧਿਆਣੇ ਜਾਣ ਵਾਲੀਆਂ ਬਸਾਂ ਮਿਲ ਜਾਂਦੀਆਂ ਹਨ ਜਾਂ ਟੈਂਪੂ ਵਗੈਰਾ ਚਲਦੇ ਹਨ।

ਦਾਸਰੇ—ਸੰਗਤ ਕਰਿਆਮ।

www.AKJ.Org

# ਆਇਆ ਸਫਲ ਤਿਨਾ ਕਾ ਗਣੀਐ

(ਵਲੋਂ—ਬੀਬੀ ਹਰਬੰਸ ਕੌਰ ਸੁਦਾਰਨੀ ਸ: ਨਾਨਕ ਸਿੰਘ ਸ਼ਹੀਦ ਚੰਡੀਗੜ੍ਹ)

1952 ਦਾ ਦਿਨ ਮੈਨੂੰ ਤ੍ਰੀਕ ਯਾਦ ਨਹੀਂ ਪਰ ਮਹੀਨਾ ਮਾਰਚ ਦਾ ਖਿਆਲ ਆਉਂਦਾ ਹੈ ਦਿਲੀ ਸਿੱਖ ਇਸਤਰੀ ਕਾਨਫ੍ਰੰਸ ਗਾਂਧੀ ਗਰਾਂਉਂਡ ਵਿਚ ਹੋਈ, ਮੈਂ ਭੀ ਪਟਿਆਲੇ ਤੋਂ ਬੀਬੀਆਂ ਦਾ ਜਥਾ ਲੈ ਕੇ ਸਦਾ ਪੱਤਰ ਆਨ ਤੇ ਰਵਾਨਾ ਹੋਈ ਬੜਾ ਭਾਰੀ ਪੰਡਾਲ ਸਜਾਵਟ ਨਾਲ ਝਿਲਮਿਲ ਕਰ ਰਿਹਾ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਕ ਸੁੰਦਰ ਪਾਲਕੀ ਦੇ ਸਿੰਘਾਸਨ ਤੇ ਕੀਤਾ ਹੋਇਆ ਸੀ ਤਾਬਿਆ ਤਿਆਰ ਬਰ ਤਿਆਰ ਸਿੰਘ ਹੱਥ ਵਿਚ ਸ੍ਰੀ ਸਾਹਿਬ ਕਮਰ ਬੰਦ ਦੋਨਾਂ ਪਾਸੇ ਖੜੇ ਸਨ, ਜਿਨਾਂ ਨੂੰ ਇਕ ਘੰਟੇ ਬਾਦ ਬਦਲਿਆ ਜਾਂਦਾ ਸੀ, ਐਨ ਨਾਲ ਹੀ ਬੜੀ ਵਡੀ ਸਟੇਜ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜਥੇ ਸਮੇਤ 'ਕੀਰਤਨ ਨਿਰਮੋਲਕ ਹੀਰਾ' ਇਕ ਇਲਾਹੀ ਰੰਗ ਵਿਚ ਵੁੱਠਾ ਛੈਹਬਰ ਲਾਏ ਅਰਸ਼ੀ ਪ੍ਰੀਤਮ ਨਾਲ ਜੁੜੇ ਹੋਏ ਨੈਣ ਮੁੰਦੇ ਹੋਏ ਸਨ, ਰੱਬੀ ਜਲਾਲ ਚੇਹਰੇ ਤੇ ਟਪਕ ਰਿਹਾ ਸੀ, ਨੂਰੀ ਦਾਹੜਾ ਭਰਵਾਂ ਚੇਹਰਾ ਮਾਨੋ ਪ੍ਰਮ ਹੰਸ ਮਾਨ ਸਰੋਵਰ ਵਿਚ ਆਤਮਿਕ ਤਾਰੀਆਂ ਲਾ ਰਿਹਾ ਹੋਵੇ ਮੈਨੂੰ ਮੂੜ੍ਹ ਨੂੰ ਇਨੀ ਪਰਖ ਨਹੀਂ ਸੀ ਕਿ ਉਹ ਅਰਸ਼ਾਂ ਤੋਂ ਆਈ ਨੇਕ ਤੇ ਪਵਿਤਰ ਆਤਮਾ ਨਾਲ ਬਚਨ ਹੀ ਕਰ ਲੈਂਦੀ। ਗਲ ਕੀ ਸਾਰੀ ਰਾਤ ਹੀ ਇਹ ਰੈਣ ਸਬਾਈ ਇਕੋ ਚੌਂਕੜੇ ਤੇ ਆਸਣ ਜਮਾਈ ਸਜੇ ਰਹੇ ਜੋੜੀ ਵਾਲਾ ਭੀ ਸਤਸੰਗੀ ਛੋਟਾ ਜਿਹਾ ਬਾਲਕ ਸੀ,ਅੰਮ੍ਰਿਤ ਵੇਲੇ ਮੇਰੇ ਦਿਲ ਵਿਚ ਆਈ ਕਿ ਇਹ ਬੱਚਾ ਹੈ ਤਾਂ ਛੋਟਾ ਪਰ ਕੰਮ ਵਡਿਆਂ ਤੋਂ ਵਧ ਕੀਤਾ ਤੇ ਥੱਕਿਆ ਨਹੀਂ ਨਾਂਹੀ, ਨੀਂਦ ਦੀ ਉਂਘ ਇਸ ਨੇ ਲਈ ਹੈ, ਸੁੰਦਰ ਕੇਸਕੀ ਸਜਾ ਕੇ ਉਤੇ ਖੰਡਾ ਚਕਰ ਰਾਤ ਦੀ ਬਿਜਲੀ ਦੀ ਰੋਸ਼ਨੀ ਵਿਚ ਚਮਕਾਂ ਮਾਰਦਾ ਸੀ ਉਸ ਦੇਵੀ ਮੰਡਲ ਵਿਚ ਐਸਾ ਪ੍ਰਭਾਵ ਸੀ ਕਿ ਮੂੰਹੋਂ ਨਿਕਲਦਾ ਸੀ ਸੁਤੇ ਸਿਧ ਧੰਨ ਗੁਰੂ ਗੋਬਿਦ ਸਿੰਘ ਸਾਹਿਬ, ਧੰਨ ਗੁਰੂ ਗੋਬਿਦ ਸਿੰਘ ਸਾਹਿਬ ! ਆਵੇ ਸਾਹਿਬ ਚਿਤ ਤੇਰਿਆ ਭਗਤਾ ਡਿਠਿਆ ਅਕਾਲ ਹੀ ਅਕਾਲ ਸਟੇਜ ਤੇ ਦਿਸ ਰਿਹਾ ਸੀ।

ਨਾਨਕ ਸੇ ਅਖੀਆ ਬੇਅੰਨ ਜਿਨ੍ਹਾਂ ਦਿਸੰਦੜੋ ਮਹਾ ਪਿਰੀ ॥

ਉਚੇ ਜੀਵਨ ਵਾਲੀਆਂ ਆਤਮਾਂ ਦੇ ਸੰਗ ਨਾਲ ਕਈਆਂ ਦਾ ਸੁਧਾਰ ਹੋ ਜਾਂਦਾ ਹੈ 'ਉਹ ਭੀ ਚੰਦਨ ਹੋਇ ਰਹੇ ਬਸਹਿ ਜੁ ਚੰਦਨ ਪਾਸ' ਉਹਨਾਂ ਦੀ ਪਾਵਨ ਛੋਹ ਨੇ ਕਈਆਂ ਮੁਰਦਾ ਆਤਮਾ ਨੂੰ ਸਦੀਵੀ ਜੀਵਨ ਬਖਸ਼ਿਆ। ਉਹਨਾਂ ਦੇ ਰੋਮ ਰੋਮ ਵਿੱਚ ਵਾਹਿਗੁਰੂ ਦੀ ਸੁਗੰਧੀ ਆ ਰਹੀ ਸੀ 'ਗੁਰਮੁਖ ਰੋਮ ਰੋਮ ਹਰ ਧਿਆਵੇ' ਨਾਮ ਦਾ ਹੀ ਵਿਹਾਰ ਕੀਤਾ, ਦੇਸ਼ ਦੀ ਅਣਖ ਤੇ ਆਨ ਲਈ ਜੇਹਲਾਂ ਦੀਆਂ ਕਾਲ ਕੋਠੜੀਆਂ ਵਿਚ ਜੀਵਨ ਗੁਜ਼ਾਰਿਆ, ਪਰ ਅੰਤਰ ਆਤਮੇ ਪ੍ਰੇਮ ਰਸ ਸੀ ਜਿਸ ਦੇ ਬਲ ਨਾਲ ਜੇਹਲ ਭੀ ਸਧਾਰਣ ਘਰ ਨਿਆਈਂ ਦਿਸ ਰਿਹਾ ਸੀ। ਵਾਹ ਵਾਹ ਮਹਾਂਪੁਰਸ਼ਾਂ ਦਾ ਜੀਵਨ, ਇਸੇ ਲਗਨ ਵਿਚ ਹੀ ਉਮਰ ਵਿਹਾ ਗਈ ਪਰ ਹੋਰ ਕਾਚਾ ਧਨ ਨਹੀਂ ਇਕੱਠਾ ਕੀਤਾ, ਨਾਮ ਰੂਪੀ ਧਨ ਕੀਰਤਨ ਰੂਪੀ ਰੂਹਾਨੀਅਤ ਦੀ ਖੁਰਾਕ 'ਤਰਿਪਤ ਭਏ ਸਚ ਭੋਜਨ ਖਾਇਆ' ਅਤੇ


www.AKJ.org

# ਰਹਿਤ ਮਰਯਾਦਾ ਤੇ ਭਾਈ ਸਾਹਿਬ

(ਕਾਕਾ ਸਤਿਨਾਮ ਸਿੰਘ ਜੀ 'ਲੁਧਿਆਣਾ')

ਭਾਈ ਸਾਹਿਬ ਦੀ ਜ਼ਿੰਦਗੀ ਦਾ ਮੁਢਲਾ ਪੜਾਅ ਇਹ ਸੀ ਕਿ ਉਹ ਰਹਿਤ ਬਹਿਤ ਨੂੰ ਆਪਣੇ ਨਾਲੋਂ ਉਚਾ ਸਮਝਦੇ ਸੀ। ਉਹਨਾਂ ਨੂੰ ਤਿਆਰ ਬਰ ਤਿਆਰ ਸੂਰਬੀਰ ਸਜੀਲੇ ਸਿੰਘ ਵੇਖ ਕੇ ਚਾਉ ਚੜ੍ਹ ਜਾਂਦਾ ਸੀ। ਆਪ ਉਹ ਰਹਿਤ ਬਹਿਤ ਵਿਚ ਕਿਤਨੇ ਕੁ ਪੱਕੇ ਸਨ ? ਇਸ ਬਾਬਤ ਇਕ ਛੋਟੇ ਜਿਹੇ ਲੇਖ ਵਿਚ ਕੁਛ ਨਹੀਂ ਦਿਤਾ ਜਾ ਸਕਦਾ। ਹਾਂ ਇਕ ਨਤੀਜਾ ਜ਼ਰੂਰ ਕਢਿਆ ਜਾ ਸਕਦੈ, ਜੇਕਰ ਭਾਈ ਸਾਹਿਬ ਨੇ ਸਰਬ ਲੋਹ ਦੀ ਟੇਕ ਆਦਿ-ਅੰਤ ਤਕ ਨਾਂ ਪਕੜੀ ਹੁੰਦੀ ਤਾਂ ਸਰਬ ਲੋਹ (ਅਕਾਲ) ਦੀ ਰਖਿਆ ਉਹਨਾਂ ਤੋਂ ਕੋਹਾਂ ਦੂਰ ਰਹਿੰਦੀ। ਭਾਈ ਸਾਹਿਬ ਜੀ ਨਾਮ ਅਭਿਆਸ 'ਚ ਮਖਮੂਰ ਸਨ ਅਤੇ ਨਾਲ ਹੀ ਰਹਿਤ-ਬਹਿਤ ਦੀ ਕਰੜਾਈ ਤੇ ਹੋਰ ਸਿੰਘਾਂ ਨੂੰ ਪ੍ਰੇਰਨਾ, ਉਹਨਾਂ ਦੀ ਜ਼ਿੰਦਗੀ ਦਾ ਆਦਿ ਵਿਸ਼ਾ ਸੀ।

ਜਦੋਂ ਭਾਈ ਸਾਹਿਬ ਨੂੰ ਰਿਹਾਈ ਦੇ ਸਮੇਂ ਲਾਹੌਰ ਲਿਆਂਦਾ ਗਿਆ ਤਾਂ ਉਸ ਵੇਲੇ ਸ: ਭਗਤ ਸਿੰਘ ਵੀ ਉਥੇ ਹੀ ਸੀ। ਸ: ਭਗਤ ਸਿੰਘ ਨੇ ਭਾਈ ਸਾਹਿਬ ਬਾਰੇ ਬਥੇਰਾ ਕੁਛ ਸੁਣਿਆ ਹੋਇਆ ਸੀ ਤੇ ਉਸ ਨੇ ਇਹ ਇਛਾ ਪ੍ਰਗਟ ਕੀਤੀ ਕਿ ਉਸ ਨੂੰ ਭਾਈ ਸਾਹਿਬ ਨਾਲ ਮੁਲਾਕਾਤ ਕਰਵਾਈ ਜਾਏ। ਭਾਈ ਸਾਹਿਬ ਨੂੰ ਜਦੋਂ ਇਸ ਗਲ ਦਾ ਪਤਾ ਲਗਾ ਤਾਂ ਉਹਨਾਂ ਸ: ਭਗਤ ਸਿੰਘ ਨੂੰ ਮਿਲਣ ਤੋਂ ਇਨਕਾਰ ਕਰ ਦਿਤਾ ਕਿਉਂਕਿ ਉਸ ਨੇ ਆਪਣੇ ਕੇਸਾਂ ਦੀ ਬੇ-ਅਦਬੀ ਕਰਵਾਈ ਸੀ। ਖੈਰ ਜਦ ਸ: ਭਗਤ ਸਿੰਘ ਨੇ ਇਹ ਅਨਭਵ ਕੀਤਾ ਕਿ ਉਹ ਮਰਨ ਤਕ (ਅਰਥਾਤ ਫਾਂਸੀ ਲਗਣ ਤਕ) ਸਾਬਤ ਸੂਰਤ ਰਹੇਗਾ ਤਾ ਭਾਈ ਸਾਹਿਬ ਨੇ ਉਸ ਨਾਲ ਵਿਚਾਰ ਛੇੜੀ ਜੋ ਜੇਲ ਚਿਠੀਆਂ ਵਿਚ ਬੜੇ ਵਿਸਥਾਰ ਨਾਲ ਦਿਤੀ ਹੋਈ ਹੈ।

ਸਮੇਂ ਬਦਲੇ, ਤ੍ਰੇੜਾਂ ਆਈਆਂ, ਗੁਰ ਖਾਲਸਾ ਆਦਿ ਰਹਿਤ ਤੋਂ ਕੋਹਾਂ ਦੂਰ ਚਲਾ ਗਿਆ। ਕੇਸਾਂ ਦੀ ਬੇ-ਅਦਬੀ ਤੇ ਹੋਰ ਕਈ ਕੁਕਰਮ (ਮਾਸ ਆਦਿ) ਸਿਖ ਫੁਲਵਾੜੀ 'ਚ ਘਰ ੨ ਹੁੰਦੇ ਗਏ ਤੇ ਨਤੀਜੇ ਵਜੋਂ ਕੇਸਕੀ-ਪ੍ਰਥਾ, ਤੇ ਦਇਆ-ਧਰਮ ਕਿਸੇ ਵਿਰ ਹੀ ਮਰਜੀਵੜਿਆਂ ਪਾਸ ਰਹਿ ਗਿਐ। ਸਗੋਂ ਦਿਨੋ ਦਿਨ ਰਹਿਤ ਮਰਯਾਦਾ ਨੂੰ ਹੋਰ ਵਿਗਾੜਿਆ ਜਾ ਰਿਹੈ ਗੁਰਮਤ ਵਿਦਵਾਨ ਤੇ ਗੁਰਮਤ ਹੀਰੇ ਅਲੋਪ ਹੁੰਦੇ ਜਾ ਰਹੇ ਨੇ, ਅਜੇਹੀ ਹਾਲਤ ਵਿਚ ਭਾਈ ਸਾਹਿਬ ਉਹ ਹੀਰਾ ਬਣ ਚਮਕੇ, ਜਿਸ ਨੇ ਆਪਣੀ ਖਿਚ ਨਾਲ ਸਮੂਹ 'ਸਹੁ ਦੀਆਂ ਸਹੇਲੀਆਂ' ਨੂੰ ਮੋਹ ਲਿਆ ਤੇ ਅਜੇਹੇ ਕੀਰਤਨ ਦੇ ਬਾਣ

***'ਅੰਮ੍ਰਿਤ ਰਸ ਹਰ ਕੀਰਤਨੋ ਕੋ ਵਿਰਲਾ ਪੀਵੰ' ਹਾਂ ਜੀ ਪੀ ਪੀ ਕੇ ਖੀਵੇ ਪਏ ਹੁੰਦੇ ਸਨ। ਸੁੰਦਰ ਦਸਤਾਰ ਸਜੀ ਮੇਰੀਆਂ ਅੱਖਾਂ ਦੇ ਅੰਦਰ ਅਜੇ ਤਕ ਝਲਕਾ ਪੈ ਰਹੀਆਂ ਹਨ। 'ਕੈਹਬੇ ਕੋ ਸੋਭਾ ਨਹੀ ਦੇਖਾ ਹੀ ਪ੍ਰਵਾਨ' ਪ੍ਰਤੱਖ ਦਰਸ਼ਨ ਇਹਨਾਂ ਨੈਣਾਂ ਨੇ ਕੀਤੇ ਪਰ ਉਹ ਘੜੀ ਤਾਂ ਬੜੀ ਛੇਤੀ ਲੰਘ ਗਈ ਪਰ ਯਾਦ ਹਰ ਦੰਮ ਰਹਿੰਦੀ ਹੈ ਸਾਈ ਘੜੀ ਸੁਲੱਖਣੀ ਸੀ। ਜਾਲਉ ਐਸੀ ਰੀਤਿ ਜਿਤੁ ਮੈਂ ਪਿਆਰਾ ਵੀਸਰੈ। ਨਾਨਕ ਸਾਇ ਭਲੀ ਪਰੀਤ ਜਿਤੁ ਸਾਹਿਬ ਸੇਤੀ ਪਤਿ ਰਹੇ।' ਜੋਦੜੀ ਹੈ ਅਕਾਲ ਪੁਰਖ ਜੀਉ ! ਭਾਈ ਸਾਹਿਬ ਵਰਗੀਆਂ ਪਵਿਤਰ ਪਰਉਪਕਾਰੀ ਪਰ ਦੁਖ ਹਰਤਾ ਆਤਮਾਂ ਹੋਰ ਦੁਨੀਆਂ ਤੇ ਭੇਜੋ ਤੇ ਭੁਲੇ ਭਟਕ ਰਹੇ ਜੀਵਾਂ ਨੂੰ ਸੁਮਾਰਗ ਦੇ ਰਸਤੇ ਪਾ ਕੇ ਇਹ ਲੋਕ ਸੁਖੀਏ ਪ੍ਰਲੋਕ ਸੁਹੇਲੇ ਹੋਣ।**


www.AKJ.org

ਚਲਾਏ ਤੇ ਆਦਿ ਮਰਯਾਦਾ ਨੂੰ ਉਜਾਗਰ ਕੀਤਾ ਕਿ ਅਨੇਕਾਂ ਗੁਰਸਿਖ ਮਰਜੀਵੜੇ ਇਸ ਖੰਡੇ ਧਾਰ ਮਰਯਾਦਾ ਨੂੰ ਅਪਣਾ ਸਕੇ।

ਭਾਈ ਸਾਹਿਬ ਜੀ ਦੀਆਂ ਲਿਖਤਾਂ, ਭਾਈ ਸਾਹਿਬ ਦੇ ਵਾਦ-ਵਿਵਾਦ ਤੇ ਭਾਈ ਸਾਹਿਬ ਦੀ ਸ਼ਖਸੀਅਤ ਰਾਤ ਦਿਨ ਇਹੋ ਹੀ ਗੁਰਮਤ ਫਿਲਾਸਫੀ ਨਿਖੇੜਦੇ ਆ ਰਹੇ ਨੇ ਕਿ ਰਹਿਤ ਹੀਣ ਅਰਥਾਤ ਪਾਹੁਲ ਹੀਣ ਜ਼ਿੰਦਗੀ ਜੀਣ ਨਾਲੋਂ ਮਰ ਜਾਣਾ ਚੰਗਾ ਹੈ। ਅਰਥਾਤ :

"ਨਾਮ ਬਿਨਾ ਜੋ ਪਹਿਰੈ ਖਾਇ"
ਜਿਉ ਕੂਕਰ ਜੂਠਨ ਮਹਿ ਪਾਇ।

ਭਾਈ ਸਾਹਿਬ ਨੇ ਸਮੇਂ ਦੀਆਂ ਤਰਥੱਲੀਆਂ ਦੀ ਕੋਈ ਪਰਵਾਹ ਨਾਂ ਕੀਤੀ। ਜੇਲ ਦੇ ਤਸੀਹੇ ਜੋ ਆਪ ਨੇ ਸਹੇ, ਉਹਨਾਂ ਨੂੰ ਯਾਦ ਕਰਕੇ ਹਿਰਦਾ ਕੰਬ ਉਠਦਾ ਏ, ਪਰ ਸਿਰ ਤੇ ਅਡੋਲ ਭਾਈ ਸਾਹਿਬ ਆਦਿ ਸੰਪੂਰਨ-ਸਬਾਈ ਰਹਿਤ ਮਰਯਾਦਾ ਦਾ ਇਕ ਨਮੂਨਾ ਬਣੇ ਰਹੇ।

ਭਾਈ ਸਾਹਿਬ ਨੇ ਕੀ ਪ੍ਰਚਾਰਿਆ ? ਰਹਿਤ ਮਰਯਾਦਾ ਦਾ ਅੰਤਰੀਵ ਤੇ ਬਾਹਰਲਾ ਪੱਖ ਕੀ ਸੀ ? ਜੇ ਇਸ ਬਾਬਤ ਗਹੁ ਨਾਲ ਵਿਚਾਰੀਏ ਤਾਂ ਸਾਨੂੰ ਪਤਾ ਲਗੇਗਾ ਕਿ ਭਾਈ ਸਾਹਿਬ ਸਦਾ ਇਹੋ ਪ੍ਰਚਾਰਦੇ ਰਹੇ ਕਿ ਗੁਰਮੁਖ ਉਹ ਹੈ ਜਿਸ ਦੀ ਕਰਨੀ ਤੇ ਕਥਨੀ ਦੇ ਜ਼ਰਾ ਵੀ ਫਰਕ ਨਹੀਂ ਅਰਥਾਤ ਜੋ ਓਹ ਕਹਿੰਦਾ ਏ ਕਰਕੇ ਵਿਖਾਂਦਾ ਏ। ਨਿਧੜਕ ਨਾਮ ਜਪਦਾ ਏ ਤੇ ਜਪਾਂਦਾ ਏ। ਸਿਆਸਤ ਦੇ ਡੋਬੂ ਗੰਦਗੀ ਦੇ ਵਿਚ ਮਲੀਨ ਨਹੀਂ ਹੁੰਦਾ। ਸਦਾ ਆਪਣੇ ਅੰਦਰ ਜਾਗਤ ਜੋਤ ਦਾ ਪ੍ਰਕਾਸ਼ ਰਖਦਾ ਏ। ਭਾਈ ਸਾਹਿਬ ਦੇ ਲਫਜ਼ਾਂ ਅਨੁਕੂਲ ਜੇ ਸੱਚੇ ਪਾਤਸ਼ਾਹ ਦੇ ਅੰਗਮ ਤੇ ਸਵਾਦਲੇ ਨਾਮ ਦੀ ਅੰਮ੍ਰਿਤ ਛਕਣ ਸਮੇਂ ਕਲਾ ਨਹੀਂ ਵਰਤੀ ਤਾਂ ਇਸ ਤੋਂ ਸਾਫ ਜ਼ਾਹਿਰ ਏ. ਉਸ ਸ਼ਖਸ ਦੀ ਕਰਨੀ ਤੇ ਕਥਨੀ ਵਿਚ ਫਰਕ ਰਿਹਾ ਹੋਵੇਗਾ। ਅਰਥਾਤ ਜਾਂ ਤਾਂ ਉਹ ਅੰਮ੍ਰਿਤ ਵੇਲਾ ਨਹੀਂ ਸੰਭਾਲ ਸਕਿਆ ਹੋਣਾ, ਜਾਂ ਉਸ ਤੋਂ ਅਜਰ ਨਹੀਂ ਜਰਿਆ ਗਿਆ ਹੋਣਾ।

ਭਾਈ ਸਾਹਿਬ ਦੇ ਲਫਜ਼ਾਂ ਅਨੁਸਾਰ ਅਜਰ ਨੂੰ ਤਾਂ ਹੀ ਜਰਿਆ ਜਾ ਸਕਦਾ ਏ ਜੇ ਗੁਰਮੁਖ ਪਿਆਰੇ ਦੀ ਅੰਤਰੀਵ ਤੇ ਬਾਹਰਲੀ ਰਹਿਤ ਪੂਰੀ ਹੋਵੇ ਅਤੇ ਅਜਰ ਨੂੰ ਜਰੇ ਬਿਨਾਂ ਪੂਰਨ ਗੁਰਮਤ ਦੀ ਫਿਲਾਸਫ਼ੀ ਦੀ ਸਿਖਰ ਤੇ ਨਹੀਂ ਅਪੜਿਆ ਜਾ ਸਕਦਾ। ਅਜਰ ਨੂੰ ਜਰਨਾਂ ਤੇ ਨਾਮ ਅਭਿਆਸ ਕਮਾਈ ਪੂਰਨ ਰਹਿਤ ਮਰਯਾਦਾ ਨਿਭਾਣ ਤੇ ਹੀ ਸਫਲ ਹੋ ਸਕਦੀ ਏ। ਭਾਈ ਸਾਹਿਬ ਦਾ ਮੁਢਲਾ ਇਹੋ ਹੀ ਪਰਚਾਰ ਸੀ ਕਿ ਗੁਰੂ ਦੇ ਬਣੀਏ ਅਰਥਾਤ ਪਾਹੁਲ ਲਈਏ, ਨਹੀਂ ਤਾਂ ਸਾਡੀ ਜ਼ਿੰਦਗੀ ਸਦਾ ਸਦਾ ਧ੍ਰਿਗ ਰਹੇਗੀ। ਗੁਰੂ ਡੰਮ ਦਾ ਫੈਲਾਅ ਜੋ ਅਜ ਕਲ ਆਮ ਏ, ਉਹ ਇਸੇ ਕਰਕੇ ਹੈ ਜੋ ਕਿ ਪੂਰਨ ਰਹਿਤ ਮਰਯਾਦਾ ਦੀ ਢਿਲ ਪੱਸਰ ਰਹੀ ਏ। ਭਾਈ ਸਾਹਿਬ ਨੇ ਆਪ ਦੀ ਆਯੂ ਦੇ ਦੌਰਾਨ ਰੱਜ ਕੇ ਗੁਰੂ ਡੰਮ ਨੂੰ ਗਲਤ ਪ੍ਰਚਾਰਿਆ

ਸਦਾ ਸਦਾ ਗੁਰੂ ਗਰੰਥ ਸਾਹਿਬ ਦੀ ਸਰਨ ਆਣ ਲਈ ਪ੍ਰੇਰਣਾ ਦਿੰਦੇ ਰਹੇ। ਪਰ ਗੁਰੂ ਡੰਮ ਲੋਕਾਂ ਦੇ ਸੁਹਵਾਦ ਦੇ ਆਸਰੇ ਵਧਦਾ ਹੀ ਜਾ ਰਿਹਾ ਹੈ। ਲੋਕਾਂ ਨੂੰ ਭੋਲੇਪਣ 'ਚ ਪੂਰਨ ਉਚੀ ਸੁਚੀ ਰਹਿਤ ਮਰਯਾਦਾ ਤੋਂ ਦੂਰ ਕਰ, ਖ਼ੁਦਗਰਜ਼, ਬਣ ਗੁਰੂ ਦੋਖੀ ਆਪਣਾ ਪੇਟ ਭਰਦੇ ਰਹੇ ਨੇ। ਭਾਈ ਸਾਹਿਬ ਇਸ ਸਭ ਕੁਝ ਨੂੰ ਸਮਝਦੇ ਹੋਏ ਸਦਾ ਸਦਾ ਕੀਰਤਨ ਦੁਆਰਾ ਗੁਰਸਿਖ ਫੁਲਵਾੜੀ ਨੂੰ ਦਸਦੇ ਰਹੇ ਜੋ ਕਿ ਜੇਕਰ ਗੁਰਸਿਖ ਫੁਲਵਾੜੀ ਰਹਿਤ ਮਰਯਾਦਾ ਦੀ ਸਾਰ ਲਵੇਗੀ, ਅਰਥਾਤ ਉਸ ਦੀ ਕਰਨੀ ਅਤੇ ਕਥਨੀ ਵਿਚ ਫਰਕ ਮਿਲੇਗਾ ਤਾਂ ਸਦਾ ਸਦਾ ਦਸਮੇਸ਼ ਪਾਤਸ਼ਾਹ ਦੀਆਂ ਖੁਸ਼ੀਆਂ ਵਰ੍ਹਨਗੀਆਂ ਅਤੇ ਨਤੀਜੇ ਵਜੋਂ ਖਾਲਸਾ ਰਾਜ ਯੋਗ ਬਣੇਗਾ।

ਗੁਰਸਿਖ ਫੁਲਵਾੜੀ ਕੋਲ ਦੋ ਹੀ ਅਮੋਲਕ ਵਸਤੂਆਂ ਨੇ ਅਰਥਾਤ 'ਬਾਨੀ' ਤੇ 'ਬਾਨਾ' ! 'ਨੇਮ ਤੇ ਪ੍ਰੇਮ' !! ਫੋਕੀ ਸ਼ਰਧਾ ਕਿਸੇ ਕੰਮ ਨਹੀਂ। ਜੇ ਅਨਹਦ ਸ਼ਬਦ ਦੀ ਸੋਝੀ ਨਹੀਂ ਹੁੰਦੀ। ਅਰਥਾਤ ਬਾਨੀ ਦੇ ਵਿੰਨ੍ਹਵੇਂ ਤੀਰ ਜਦੋਂ ਤੁਹਾਡੀ ਆਤਮਾ ਨੂੰ ਰੰਗ ਲਾਣਗੇ ਤਾਂ ਤੁਸੀਂ ਆਪਣੇ ਗੁਰਮਤ ਅਖਾੜੇ ਵਿਚ ਪੂਰਨ ਬਾਨਾ ਧਾਰਨ ਕਰਕੇ ਅਰਥਾਤ ਰਹਿਤ ਬਹਿਤ ਵਿਚ ਪੂਰਨ ਪਰਪਕ ਹੋ ਕੇ ਤਿਆਰ ਬਰ ਤਿਆਰ ਰਹਿ ਕੇ ਸਜੀਲੇ ਗੁਰਮੁਖ ਬਣ ਜਾਓਗੇ। ਅਰਥਾਤ ਗੁਰਮਤ ਫਿਲਾਸਫੀ ਦਾ ਪੜਾਅ ਬਾਨੀ ਤੇ ਬਾਨੇ ਦਾ ਹੀ ਅਧਾਰ ਏ। ਤੇ ਗੁਰਮਤ ਦਾ ਵਿਕਾਸ ਪ੍ਰਗਾਸ ਸਦਾ ਸਦਾ ਰਹੇਗਾ ਜੇ ਕਰ ਗੁਰਮਤ ਸਦਾਚਾਰ, ਅਚਾਰ ਤੇ ਵਿਚਾਰ ਨੇ ਬਾਨੀ ਤੇ ਬਾਨੇ ਦੀ ਸਦਾ ਸਾਰ ਲਈ।

ਜੇਕਰ ਭਾਈ ਸਾਹਿਬ ਦੀ ਸਮੂਹ ਜ਼ਿੰਦਗੀ ਦੀ ਆਲੋਚਨਾ ਕਰੀਏ ਤਾਂ ਸਾਨੂੰ ਭਾਈ ਸਾਹਿਬ ਦੀ ਕਰਨੀ, ਭਾਈ ਸਾਹਿਬ ਦੇ ਵਿਚਾਰ ਤੇ ਭਾਈ ਸਾਹਿਬ ਦਾ ਨਿਤਨੇਮ ਪੂਰਨ ਰਹਿਤ ਮਰਿਆਦਾ ਦਾ ਇਕ ਮੁਜਸਮਾ ਜਾਪੇਗਾ। "ਪਖੰਡ, ਵਿਖਾਵਾ ਤੇ ਹਉਮੈ', ਭਾਈ ਸਾਹਿਬ ਨੇ ਆਪਣੀ ਜੀਵਨੀ ਦੇ ਦੌਰਾਨ


www.AKJ.org

ਏਹਨਾਂ ਸਾਕਤਾਂ ਨਾਲ ਟੱਕਰ ਲਈ। ਗੁਰਮਤ ਫਿਲਾਸਫੀ ਨੂੰ ਆਦਿ ਰੂਪ ਵਿਚ ਉਜਾਗਰ ਕੀਤਾ ਤੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਾਰੀ ਉਮਰ ਰਹੇ। ਸੈਂਕੜੇ ਹਿਰਦਿਆਂ ਵਿਚ ਉਹਨਾਂ ਨੇ ਗੁਰਮਤ ਦੀ ਕਣੀ ਪ੍ਰਵੇਸ਼ ਕੀਤੀ। ਪੂਜਾ ਦੇ ਧਾਨ ਤੋਂ ਗੁਰਸਿਖਾਂ ਨੂੰ ਦੂਰ ਰਖਿਆ। ਕੇਸਾਂ ਦੇ ਅਦਬ ਲਈ ਕੇਸਕੀ ਦੀ ਲੋੜ 'ਕਕਾਰ ਸਮਝ ਕੇ ਸਮਝੀ' ਤੇ ਦਇਆ ਦਾ ਅਸੂਲ ਮਾਸ ਖਾਣ ਤੋਂ ਹਟਾ ਕੇ ਦ੍ਰਿੜਾਇਆ, ਅੰਮ੍ਰਿਤਧਾਰੀ ਸਿਖਾਂ ਨੂੰ ਅਨਹਦ ਤਾੜੀ ਲਾਉਣ ਦੀ, ਅਰਥਾਤ ਅਭਿਆਸ ਦ੍ਰਿੜ ਕਰਾਉਣ ਲਈ ਸਤਿਗੁਰੂ ਕੋਲੋਂ ਜਾਚ ਦਰਸਾਈ, ਕੀਰਤਨ ਕੀਰਤਨ ਦਾ ਰੂਪ ਹੋ ਕੇ ਕੀਤਾ। ਕੀਰਤਨ ਅਖਾੜੇ, ਥਾਂ ਥਾਂ, ਗਲੀ ਗਲੀ, ਪਿੰਡ ਪਿੰਡ ਖਿਲਾਰੇ ਤੇ ਸਦ ਸਦਾ ਨਾਮ ਦੇ ਹੋਕੇ ਦਿਤੇ। ਗੁਰਸਿਖ ਫੁਲਵਾੜੀ 'ਚ ਪੂਰਨ ਨਾਮ ਪ੍ਰਚਾਰਿਆ, ਬਾਣੀ ਦੀ ਖੋਜ ਦੀ ਇਕ ਮਿਸਾਲ ਕਾਇਮ ਕੀਤੀ। ਭਾਈ ਸਾਹਿਬ ਜਿਨੀ ਬਾਣੀ ਕੰਠ ਸ਼ਾਇਦ ਹੀ ਕਿਸੇ ਨੂੰ ਹੋਵੇ। ਸਿਰੜ ਦਾ ਉਹ ਇਕ ਪ੍ਰਕਾਸ਼-ਮਈ ਉਜਿਆਰਾ ਸਨ। ਗਲ ਕੀ ਹਰ ਪੱਖ ਤੋਂ ਉਹਨਾਂ ਰਹਿਤ ਮਰਯਾਦਾ ਦਾ ਰੂਪ ਹੋ ਦਸਿਆ। ਉਹਨਾਂ ਦਸਮੇਸ਼ ਪਿਤਾ ਦੇ ਇਸ ਵਾਕ ਨੂੰ ਘਰ ਕੀਤਾ ਹੋਇਆ ਸੀ।

ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਓ ਮੈ ਸਾਰਾ।
ਜਬ ਇਹ ਗਹੇ ਬਿਪਰਨ ਕੀ ਰੀਤ।
ਮੈ ਨਾ ਕਰਉਂ ਇਨ ਕੀ ਪ੍ਰਤੀਤ।

ਅਰਥਾਤ ਖ਼ਾਲਸੇ ਨੂੰ ਉਹਨੇ ਆਨਮਤਾਂ ਤੋਂ ਨਿਆਰਾ ਰਹਿਣ ਦੀ ਸਦ ਸਦਾ ਪ੍ਰੇਰਨਾ ਦਿਤੀ ਤੇ ਸਦਾ ਸਦਾ ਇਹੀ ਖ਼ਬਰਦਾਰੀ ਦਿੰਦੇ ਰਹੇ ਕਿ ਮਤਾਂ ਗੁਰੂ ਖਾਲਸਾ "ਸਾਬਤ ਸੂਰਤ" ਤੋਂ ਲਾਂਭੇ ਹੋ ਕੇ ਪੰਡਤਾਂ ਦੀਆਂ ਰੀਤਾਂ ਵਿਚ ਨਾ ਪੈ ਜਾਵੇ ਅਰਥਾਤ ਵਹਿਮ ਪਖੰਡ ਜਾਂ ਫੋਕੀ ਵਾਦ-ਵਿਵਾਦ ਦਾ ਹੀ ਨਿਰਾ ਆਸਰਾ ਫੜੀ ਰਖੇ। ਅਰਥਾਤ ਘਾਲ ਕਮਾਈ ਤੇ ਨਾਮ ਸਿਮਰਨ, ਉਹਨਾਂ ਗਿਆਨ ਗੋਸ਼ਟੀਆਂ ਨਾਲੋਂ ਉਪਰ ਤੇ ਜ਼ਰੂਰੀ ਦਸਿਆ ਤੇ ਚਉਥੇ ਪਦ ਤਕ ਪਹੁੰਚਣ ਦੀ ਬਾਣੀ ਤੋਂ ਪ੍ਰੇਰਨਾ ਲਈ।

ਅਰਥਾਤ—"ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤ ਲਾਇ।"

ਸੰਸਾਰ ਤ੍ਰਿੰਨ ਗੁਣਾਂ 'ਚ ਲੀਨ ਏ, ਇਕ ਗੁਰਸਿਖ ਨੇ ਇਹਨਾਂ ਤਿੰਨਾਂ ਗੁਣਾਂ ਤੋਂ ਉਪਰ ਉਠ ਕੇ ਚਉਥੇ ਪਦ ਦੀ ਸਾਰ ਲੈਣੀ ਏ, ਅਰਥਾਤ ਅਨਹਦ ਦੀ ਤਾੜੀ ਵਜਾਣੀ ਏ, ਆਪਣੇ ਅੰਦਰ ਜਾਗਤ ਜੋਤਿ ਦਾ ਪ੍ਰਕਾਸ਼ ਕਰਨਾ ਏ, ਅਰਥਾਤ ਨਿਆਰੇ ਖੰਡੇ ਧਾਰ ਮਾਰਗ ਦੇ ਇਕਸਾਰ ਵਹਾਉ ਤਕ ਲਿਵ ਲੀਣ ਹੋਣਾ ਏਂ ਤੇ ਰਹਿਤ ਮਰਯਾਦਾ ਦਾ ਵੀ ਇਹੋ ਸਾਰ ਏ, ਨਹੀਂ ਤਾਂ ਵਿਖਾਵਾ, ਪਾਖੰਡ ਤਾਂ ਗੁਰਮਤਿ ਨੇ ਇਤਨਾ ਘਚੋਲਿਆ ਗਿਆ ਏ ਕਿ ਸਭ ਰਹਿੰਦੇ ਖੂੰਹਦੇ ਗੁਣ ਪਖੰਡ ਦੀ ਹੋਂਦ ਨਾਲ ਖ਼ਤਮ ਹੋ ਜਾਣਗੇ। ਇਹੋ ਹੈ ਰਹਿਤ ਮਰਯਾਦਾ ਦਾ ਸਾਰ ਤੇ ਇਹੋ ਭਾਈ ਸਾਹਿਬ ਨੇ ਆਪ ਜ਼ਿੰਦਗੀ ਦੇ ਦੌਰਾਨ ਸਦ ਸਦਾ ਪ੍ਰਚਾਰਿਆ।

ਗੱਲ ਕੀ ਕੀਰਤਨ ਦੇ ਆਸ਼ਕ ਭਾਈ ਸਾਹਿਬ ਸਦ ਸਦਾ ਗੁਰਸਿੱਖ ਫੁਲਵਾੜੀ ਨੂੰ ਅਸਲੀਅਤ ਦੀ ਹੋਂਦ ਦੱਸ ਦੱਸ ਗੁਰਮਤ ਰਹਿਤ ਬਹਿਤ 'ਚ ਸਿਰੜ ਰਹਿਣ ਲਈ ਪ੍ਰੇਰਨਾ ਦਿੰਦੇ ਰਹੇ ਨੇ, ਤੇ ਇਹ ਸਭ ਕੁਛ ਰਹੇ ਤਾਂ ਹੀ ਸੀ, ਜੋ ਕਿ ਉਹ ਆਪ ਇਸ ਢਾਂਚੇ 'ਚ ਕੁੰਦਨ ਹੋ ਢਲੇ ਹੋਏ ਸਨ। ਉਹਨਾਂ ਨੇ ਅਲੂਣੀ ਸਿਲ ਚੱਟ ਕੇ, ਖੰਡੇਧਾਰ ਮਾਰਗ ਨੂੰ ਅਪਨਾਇਆ ਸੀ ਤੇ ਉਹਦਾ ਸਦਾ ਸਦਾ ਗੁਰਸਿਖ ਫੁਲਵਾੜੀ ਨੂੰ ਰਹਿਤ ਬਹਿਤ 'ਚ ਪ੍ਰਪੱਕ ਹੋਣ ਦੀ ਪ੍ਰੇਰਨਾ ਦਿੰਦੇ ਰਹੇ।

ਸੋ ਨਤੀਜੇ ਵਜੋਂ ਭਾਈ ਸਾਹਿਬ ਦੀ ਸ਼ਖ਼ਸੀਅਤ ਨੇ ਸਿਰੜ ਤੇ ਰਹਿਤ-ਮਰਯਾਦਾ ਨੂੰ ਆਪਣੀ ਜ਼ਿੰਦਗੀ ਦੀ ਮੁਢਲੀ ਦ੍ਰਿੜਤਾ ਗਿਣ ਇਹੋ ਜਿਹੇ ਪੜਾਅ ਆਰੰਭੇ ਕਿ ਦਿਨੋ ਦਿਨ ਇਹਨਾਂ ਪੜਾਆਂ ਦਾ ਇਕੱਤਰ ਮਈ ਪੱਖ ਉਘੜਦਾ ਰਿਹਾ। ਭਾਈ ਸਾਹਿਬ ਨੇ ਉਹੋ ਹੀ ਗੁਰ ਖਾਲਸੇ ਨੂੰ ਲਲਕਾਰ ਦਿਤੀ ਜੋ ਗੁਰੂ ਦਸਮੇਸ਼ ਨੇ ਗੁਰੂ ਖਾਲਸੇ ਨੂੰ ਦਰਸਾਈ ਸੀ ਤੇ ਗੁਰ ਦਸਮੇਸ਼ ਦੀ ਪ੍ਰਸੰਸਾ ਦਾ ਹੱਕਦਾਰ ਕੇਵਲ ਜਾਗਤ ਜੋਤ ਨਿਰਾਲਾ ਰਹਿਤ ਬਹਿਤ ਵਿਚ ਸਿਰੜ ਹੀ ਹੋ ਸਕਦਾ ਏ। ਆਉ ਅਜ ਅਸੀਂ ਵੀ ਗੁਰਮਤ ਸਮਝੀਏ ਤੇ ਪਵਿਤਰ ਪਾਹੁਲ ਲੈ ਅਲੂਣੀ ਸਿਲ ਚੱਟੀਏ। ਨਿਤਾ ਪ੍ਰਤੀ ਕੀਰਤਨ ਅਖਾੜਿਆਂ ਵਿਚ ਗ਼ਲਤਾਨ ਰਹੀਏ। ਇਹੋ ਹੀ ਸਾਡੀ ਭਾਈ ਸਾਹਿਬ ਪ੍ਰਤੀ ਸ਼ਰਧਾਂਜਲੀ ਹੋਵੇਗੀ।

—:o:—


www.AKJ.Org

# ਕੁਦਰਤ

( ਵਲੋਂ—ਪ੍ਰਿੰਸੀਪਲ ਮੋਹਰ ਸਿੰਘ, F/5 ਰੇਸ ਕੋਰਸ, ਡੇਹਰਦੂਨ )

ਜੇ ਮਨੁਖ ਇਹ ਕਹੇ ਕਿ ਉਹ ਅਕਾਲ ਪੁਰਖ ਨੂੰ ਸਮਝ ਸਕੇ, ਇਹ ਤਾਂ ਗੁਰਵਾਕ ਅਨੁਸਾਰ 'ਪਿਤਾ ਕਾ ਜਨਮ ਕਿਆ ਜਾਨੈ ਪੂਤ' ਬਿਲਕੁਲ ਅਸੰਭਵ ਹੈ ਉਸਦੀ ਰਚਨਾ (ਕੁਦਰਤ) ਨੂੰ ਜਾਨਣ ਲਈ ਜੇ ਮਨੁਖ ਆਪਣੇ ਦਿਮਾਗ ਦੀ ਦੌੜ ਕਈ ਉਮਰਾਂ ਕਰਦਾ ਰਹੇ ਤਾਂ ਵੀ ਉਹ ਉਸਦਾ ਬਹੁਤ ਥੋੜਾ ਅੰਸ਼ ਹੀ ਮਲੂਮ ਕਰ ਸਕੇਗਾ। ਕੁਦਰਤ ਮਾਂ ਦਾ ਰੂਪ ਹੈ ਐਸੀ ਮਾਂ ਦੇ ਸਾਰੇ ਗੁਣ ਬਚਾ ਨਹੀਂ ਮਲੂਮ ਕਰ ਸਕਦਾ। ਹਰ ਹਾਲਤ ਵਿਚ ਜੋ ਪ੍ਰੇਮ, ਸੰਭਾਲ ਤੇ ਪਾਲਣ ਪੋਸਨ ਦਾ ਖਜ਼ਾਨਾ ਆਪਣੇ ਬਚਿਆਂ ਲਈ ਕੁਦਰਤ ਕੋਲ ਹੈ ਉਹ ਆਪਣੇ ਬਚੇ ਨੂੰ ਸਰੀਰਕ ਤੇ ਆਤਮਕ ਉਨਤੀ ਦੇਣ ਲਈ ਖੁਲ੍ਹੇ ਦਿਲ ਨਾਲ ਲੁਟਾ ਦੇਂਦੀ ਹੈ ਪਰ ਸ਼ਰਤ ਇਹ ਹੈ ਕਿ ਮਨੁਖ ਇਛਾ ਰੂਪੀ ਲਿਬਾਸ ਪਾ ਕੇ ਕੁਦਰਤ ਰੂਪੀ ਮਾਂ ਕੋਲ ਜਾਵੇ ਤਾਂ ਉਸ ਨੂੰ ਵਧੇਰਾ ਸਵਾਦ ਆਵੇਗਾ ਅਤੇ ਉਸਨੂੰ ਬਹੁਤ ਸਾਰੀਆਂ ਬਾਰੀਕ ਗਲਾਂ ਦਾ ਪਤਾ ਲਗੇਗਾਂ ਤਾਂ ਹੀ ਅੰਦਰੂਨੀ ਆਨੰਦ ਮਹਿਸੂਸ ਕਰੇਗਾ। ਅਨਭਵ ਗਵਾਹੀ ਦੇਂਦਾ ਹੈ ਕਿ:—

1. ਕੁਦਰਤ ਮਨੁਖ ਨੂੰ ਆਪਣੀ ਝੋਲੀ ਵਿਚ ਆਪਣੇ ਤੋਹਫਿਆਂ (Gifts) ਨੂੰ ਸ਼ਾਂਤੀ ਨਾਲ ਭੋਗਣ ਦਾ ਸਨੇਹਾ ਦੇਂਦੀ ਹੈ ਉਹ ਮਨੁੱਖ ਨੂੰ ਬਾਹਰ ਮੁਖੀ ਤੋਂ ਅੰਦਰ-ਮੁਖੀ ਬਣਾਉਂਦੀ ਹੈ ਅਤੇ ਮਨੁਖ ਨੂੰ ਹਰ ਸਮੇਂ ਹਰ ਘੜੀ ਆਪਣੇ ਵਲ ਸਦਦੀ ਹੈ। ਜ਼ਿਆਦਾ ਬੋਲਣ ਵਾਲੇ (Out spoken person) ਨੂੰ ਚੁਪ-ਪਸੰਦ (Silence loving, ਬਣਾਉਂਦੀ ਹੈ।

2. ਮਨੁਖ ਨੂੰ ਆਪਣੇ ਲਿਬਾਸ ਵਿਚ ਲਪੇਟ ਲੈਂਦੀ ਹੈ ਅਤੇ ਉਸਨੂੰ ਆਪਣੇ ਪਿਆਰ ਦੇ ਅਸਰ ਨਾਲ ਇਸ ਗਲ ਤੇ ਮਜਬੂਰ ਕਰ ਲੈਂਦੀ ਹੈ ਕਿ ਉਹ ਮਾਇਕ ਦੁਨੀਆਂ ਵਿਚ ਖਚਿਤ ਹੋਣਾ ਭੁਲ ਜਾਵੇ।

3. ਮਨੁਖ ਨੂੰ 'ਮਹਾ ਪ੍ਰਕਾਸ਼' (Great Light) ਨਾਲ ਇਕ ਮਿਕ ਹੋਣ ਲਈ ਤਿਆਰ ਕਰਦੀ ਹੈ ਅਤੇ ਉਸ ਵਿਚ ਪਾਲਕਾ ਦਾ ਜਜ਼ਬਾ (Spirit) ਭਰਦੀ ਹੈ।

ਜਿਤਨੇ ਪਿਆਰ ਵਾਲਾ ਦਿਲ, ਮਨੁਖ ਦਾ ਹੋਵੇਗਾ ਉਤਨੀ ਹੀ ਮਿੱਠੀ ਉਸਨੂੰ ਕੁਦਰਤ ਦਿਸੇਗੀ ਇਸਦੇ ਫਲ ਸਰੂਪ ਉਹ ਓਨਾਂ ਹੀ ਅਕਾਲ ਪੁਰਖ ਦੇ ਨੇੜੇ ਹੁੰਦਾ ਜਾਵੇਗਾ।

ਕੁਦਰਤ ਦੀ ਗੋਦ ਸਭ ਨੂੰ ਆਪਣੇ ਵਲ ਸਦਦੀ ਹੈ ਪਰ ਭਾਗ ਹੀਣ ਮਨੁਖ ਦੀ ਹਾਲਤ ਤੇ ਅਫਸੋਸ ਹੈ ਜਿਹੜਾ ਕਿ ਕੁਦਰਤ ਮਾਂ ਵਲ ਆ ਕੇ ਫੇਰ ਉਸ ਦੀ ਪ੍ਰਸੰਨਤਾ ਨੂੰ ਅਧ ਭੋਗਿਆ ਹੀ ਛਡ ਕੁਰਾਹੇ ਪੈ ਜਾਂਦਾ ਹੈ ਉਹ ਆਪਣਾ ਇਹ ਵਿਜੋਗ ਤੇ ਨੁਕਸਾਨ ਮਹਿਸੂਸ ਨਹੀਂ ਕਰਦਾ। ਪਰ ਉਸ ਦੀ "ਬਾਂਸ ਬਡਾਈ ਬੂਡਿਆ..........." ਵਾਲੀ ਦਸ਼ਾ ਦੇਖਕੇ ਸਗੋਂ ਕੁਦਰਤ ਮਾਂ ਦੇ ਦਿਲ ਵਿਚ ਮਨੁਖ ਦੇ ਇਸ ਸਲੂਕ ਤੇ ਤਰਸ ਆਉਂਦਾ ਹੈ ਉਸ ਦੀ ਸਰਬ ਬਿਆਪਕਤਾ ਤਾਂ ਮਨੁਖ ਲਈ ਇਹ ਐਸਾ ਖੁਲ੍ਹਾ ਖਜ਼ਾਨਾ ਹੈ ਜਿਸ ਵਿਚੋਂ ਜਿਨਾ ਚਾਹੋ ਜਿਸ ਵਕਤ ਚਾਹੋ ਲੁਟਾਂ ਲੁਟ ਲਵੋ। ਆਸਾ ਦੀ ਵਾਰ ਗਵਾਹ ਹੈ "ਕੁਦਰਤ ਦਿਸੈ ਕੁਦਰਤ ਸੁਣੀਐ


www.AKJ.Org

ਕੁਦਰਤ ਭਉ ਸੁਖ ਸਾਰ ॥ ਕੁਦਰਤ ਪਾਤਾਲੀ ਆਕਾਸੀ ਕੁਦਰਤ ਸਰਬ ਅਕਾਰ ॥........." ਦੇਖੋ ਪੇੜ ਅਭਿਮਾਨੀ ਮਨੁਖ ਲਈ ਆਪਣਾ ਫਲ ਆਪਣੇ ਆਪ ਸੌਖਾ ਹੀ ਨਹੀਂ ਗਿਰਾਂਦੇ। ਪ੍ਰਕ੍ਰਿਤੀ ਚੰਗੀ ਤੇ ਮੰਦੀ ਆਤਮਾਂ ਨੂੰ ਬੜੀ ਚੰਗੀ ਤਰਾਂ ਪਹਿਚਾਨਦੀ ਹੈ। ਪਾਣੀ ਪਰੇਸ਼ਾਨ ਤੇ ਦੁਖੀ ਦਿਲਾਂ ਨੂੰ ਟਿਕਾਉ ਤੇ ਸ਼ਾਂਤੀ ਦੇਂਦਾ ਹੈ। ਪੇੜ ਪੌਦੇ ਆਪਣੀ ਅੰਦਰਲੀ ਖੁਸ਼ੀ ਨੂੰ ਫੁਲਾਂ ਤੇ ਫਲਾਂ ਰਾਹੀਂ ਜ਼ਾਹਿਰ ਕਰਦੇ ਹਨ ਭਾਵੇਂ ਉਹ ਜ਼ਾਹਿਰਾ ਤੌਰ ਤੇ ਸਾਨੂੰ ਚੁਪ ਚਾਪ ਨਜ਼ਰ ਆਉਂਦੇ ਹਨ। ਹਵਾ ਵਿਚ ਅਨੰਤ ਵਲੋਂ ਮਨੁਖ ਲਈ ਸੁਗੰਧੀ ਦਵਾਰਾ ਸੰਦੇਸ਼ ਲਿਆਉਣ ਦਾ ਇਕ ਪ੍ਰਬਲ ਗੁਣ ਹੈ ਅਤੇ ਇਹ ਹਰ ਇਕ ਛਿਨ ਸੰਦੇਸ਼ ਲਿਆਉਂਦੀ ਹੈ ਤੇ ਉਥੇ ਮਨੁਖ ਦਾ ਸੰਦੇਸ਼ ਪਹੁੰਚਾਉਂਦੀ ਵੀ ਹੈ। ਇਹ ਸਭ ਕੁਝ ਇਕ 'ਪਵਨ ਪਿਆਲਾ ਸਾਜਿਆ' ਤੋਂ ਸਾਫ ਸਪਸ਼ਟ ਹੈ। ਪਰ ਇਹ ਸਾਰੀਆਂ ਗਲਾਂ ਸਾਫ, ਸ਼ੁਧ, ਤੇ ਚਾਹਵਾਨ ਹਿਰਦਿਆਂ ਲਈ ਹਨ। ਪਰਕ੍ਰਿਤੀ ਦੀ ਵਸਤੂਆਂ ਦੇ ਸਾਰੇ ਇਹ ਗੁਣ ਉਸ ਸਮੇਂ ਲੋਪ ਹੋ ਜਾਂਦੇ ਹਨ ਜਦੋਂ ਕਿ ਇਕ ਮਨੁਖ ਆਤਮਕ ਮੰਡਲ ਨੂੰ ਛਡ ਕੇ ਫੇਰ ਮਾਇਕ ਸੰਸਾਰ ਵਲ ਆਪਣੀ ਬਿਰਤੀ ਮੋੜ ਲੈਂਦਾ ਹੈ। ਇਹ ਚੀਜ਼ਾਂ ਕੇਵਲ ਆਤਮਕ ਵਿਚਾਰਾਂ ਦੀ ਮੁਹਾਰ ਮੋੜਨ ਨਾਲ ਹੀ ਲੋਪ ਹੋ ਜਾਂਦੀਆਂ ਹਨ। ਭਾਵੇਂ ਮਨੁਖ ਦਾ ਸਰੀਰ (Physical Self) ਅਜੇ ਮਾਇਆ ਵਲ ਨ ਹੀ ਆਇਆ ਹੋਵੇ।

ਕੁਦਰਤ ਹਰ ਵੇਲੇ ਉਸ ਮਨੁਖ ਨਾਲ ਇਕ ਸੁਰ (in tune) ਹੋਣਾ ਚਾਹੁੰਦੀ ਹੈ ਜੋ ਬਨਤੀ ਤੇ ਬਿਰਹੜੇ ਰੂਪੀ ਰੂਪ ਬਣਾ ਕੇ ਉਸਦੀ ਗੋਦ ਵਿਚ ਆ ਬੈਠੇ।

'Silence is the Language of Nature'

ਕੁਦਰਤ ਦੀ ਜ਼ਬਾਨ(Language)ਚੁਪ (Silence) ਹੈ। ਇਹ ਮਨੁਖ ਨਾਲ ਪਹਿਲੇ ਆਪ ਪ੍ਰੇਮ ਕਰਦੀ ਹੈ ਅਤੇ ਬਾਹਰ ਮੁਖੀ ਲੋਕਾਂ ਨੂੰ ਬੜੇ ਚਾਅ ਨਾਲ ਮਿਲਦੀ ਹੈ ਫ਼ੇਰ ਘਰੀਨ (ਇਕ ਕੀੜਾ ਹੁੰਦਾ ਹੈ) ਵਾਂਗ ਉਸ ਬਾਹਰ ਮੁਖੀ ਨੂੰ ਆਪਣੀ ਚੁਪ ਰੂਪੀ ਭੀਂ ਭੀਂ ਨਾਲ ਚੁਪ-ਪਸੰਦ ਤੇ ਟਿਕਾਉ ਹਿਰਦੇ ਵਾਲਾ ਬਣਾ ਲੈਂਦੀ ਹੈ ਅਰਥਾਤ ਆਪਣੇ ਗੁਣ ਕਰਕੇ ਆਪਣੇ ਜੈਸਾ ਬਣਾ ਲੈਂਦੀ ਹੈ। ਕੁਦਰਤ ਦੇ ਗੁਣ ਦਸਣੇ ਬਹੁਤ ਕਠਿਨ ਹਨ ਕਿਉਂ ਜੋ ਉਸ ਦੇ ਗੁਣ ਅਸੀਮ ਹਨ ਇਹ ਗੁਣ ਸਾਰਿਆਂ ਨੂੰ ਇਕੋ ਜੇਹੇ ਮਹਸੂਸ ਨਹੀਂ ਹੁੰਦੇ। ਕਿਉਂਕਿ ਹਰ ਇਕ ਮਨੁਖ ਦੀ ਆਤਮਕ ਦਸ਼ਾ ਅਲਗ ਅਲਗ ਕਿਸਮ (quality) ਦੀ ਹੁੰਦੀ ਹੈ।

ਕੁਦਰਤ ਆਪਣੇ (Presence) ਵਿਚ ਜਾਦੂ ਦਾ ਅਸਰ ਰਖਦੀ ਹੈ ਉਸ ਸਮੇਂ ਸੁਰਤ ਤੇ ਇਹ ਅਸਰ (Effect) ਹੁੰਦਾ ਹੈ ਕਿ ਸੁਰਤ ਤੇ ਖੇੜਾ ਯਾ ਚਾਅ ਆਉਂਦਾ ਹੈ ਇਸ ਵਾਸਤੇ ਠੀਕ ਵੇਲਾ, ਅੰਮ੍ਰਿਤ ਵੇਲਾ (ਬ੍ਰਹਮ ਵੇਲਾ) ਹੀ ਹੈ। ਜਿਸ ਦੇ ਵਾਸਤੇ ਗੁਰੂ ਸਾਹਿਬਾਨ ਨੇ ਫੁਰਮਾਇਆ ਹੈ—

'ਚੌਥੇ ਪਹਰੇ ਸੁਬਾ ਕੇ ਸੁਰਤਿਆ ਉਪਜਿਆ ਚਾਉ।'

ਜੋ ਮਨੁਖ ਉਸ ਵੇਲੇ ਜਿਤਨਾ ਆਪਨੇ ਆਪ ਨੂੰ ਗੁਰਮਤਿ ਨਗਰੀ ਵਿਚ ਹੀ ਸਮਝੇਗਾ ਉਹ ਹੀ ਹਰਿਨਾਮ ਪਦਾਰਥ ਪਾਵੇਗਾ। ਗੁਰਵਾਕ ਅਨੁਸਾਰ

"ਗੁਰਮਤਿ ਨਗਰੀ ਖੋਜ ਖੋਜਾਈ।
ਹਰਿ ਹਰਿ ਨਾਮ ਪਦਾਰਥ ਪਾਈ।"

ਅਨੁਭਵ ਦਸਦਾ ਹੈ ਕਿ ਕੁਦਰਤ ਆਪਣੇ ਦਰਸ਼ਕ ਵਾਸਤੇ ਇਤਨਾ ਬੇਹਦ ਪਿਆਰ ਰਖਦੀ ਹੈ ਕਿ ਉਹ ਦਰਸ਼ਕ (ਜੇਹੜਾ ਆਪਣੇ ਹਿਰਦੇ ਵਿਚ ਕੁਦਰਤ ਮਾਂ ਦੇ ਦਿਲ ਦੀ ਧੜਕਨ ਮਹਸੂਸ ਕਰਦਾ ਹੈ) ਸੁਤੇ ਹੀ ਉਸ ਵਲ ਖਿਚਿਆ ਆਉਂਦਾ ਹੈ। ਉਹ ਉਸ ਤੋਂ ਵਿਛੜਨ ਤੇ ਮਿਠਾ, ਮਿਠਾ, ਉਦਰੇਂਵਾਂ ਤੇ ਦਰਦ ਸੀਨੇ ਵਿਚ ਪੈਦਾ ਹੁੰਦਾ ਦੇਖਦਾ ਹੈ। ਇਹ ਦਰਦ ਕੁਦਰਤ ਮਾਂ ਦੀ ਚੁਪ ਰੂਪੀ ਪੁਕਾਰ ਦਾ ਫਲ ਹੁੰਦਾ ਹੈ ਇਹ ਪੁਕਾਰ ਮਨੁਖ ਦੇ ਸੀਨੇ ਨੂੰ ਵਿੰਨਦੀ ਹੋਈ ਉਸਨੂੰ ਮਜਬੂਰ ਕਰਦੀ ਹੈ ਕਿ ਮਨੁਖ ਉਸ ਦੇ ਸੱਦੇ ਦਾ ਜਵਾਬ ਦੇਵੇ। ਪਰ ਇਥੇ ਮਨੁਖ ਨੂੰ ਮਾਇਆ


www.AKJ.Org

ਦੇ ਹਮਲੇ ਤੋਂ ਬਚਕੇ ਰਹਿਨਾ ਜ਼ਰੂਰੀ ਹੈ। ਦੇਖੋ, ਪਹਲੇ ਤਾਂ ਮਨੁਖ ਨਾਮ ਦੀ ਰੰਗਨ ਮੰਗਦਾ ਹੈ ਪਰ ਅਭਾਗਾ ਕੁਝ ਚਿਰ ਮਗਰੋਂ ਇਹ ਕਹਿੰਦਾ ਹੈ ਕਿਤੇ ਵਾਹਿਗੁਰੂ ਕਿਧਰੇ ਬਹੁਤਾ ਹੀ ਨਾ ਰੰਗ ਦੇਵੀਂ। ਅਭਾਗਾ ਮਨੁਖ !! ਤੇ ਉਸ ਦਾ ਅਭਾਗਾ ਮਨ !! ਤੂੰ ਮਾਂ ਦੀ ਗੋਦ ਵਿਚੋਂ ਨਿਕਲ ਕੇ ਹੋਰ ਕਿਥੇ ਸੁਖ ਲਭੇਂਗਾ ?

ਕੁਦਰਤ ਰਾਨੀ ਮਨੁਖ ਨੂੰ ਮਾਇਕ ਸੰਸਾਰ ਦਾ ਰਿਸ਼ਤਾ ਭੁਲ ਜਾਣ ਦੀ ਪ੍ਰੇਰਨਾ ਕਰਦੀ ਹੈ ਕੁਦਰਤ ਸੱਕੀ ਮਾਂ ਹੈ। ਮਾਇਆ ਤੇ ਮਾਇਆ ਦਾ ਪਸਾਰਾ ਮਤਰੇਈ ਮਾਂ ਹੈ। ਜਿਵੇਂ ਸਕੀ ਮਾਂ ਨਹੀਂ ਚਾਹੁੰਦੀ ਕਿ ਉਸਦਾ ਬੱਚਾ ਗਲਤ ਰਾਹ ਤੇ ਚਲ ਪਵੇ। ਇਵੇਂ ਹੀ ਕੁਦਰਤ ਆਪਣੇ ਬਚੇ ਨੂੰ ਮਾਇਆ ਵਿਚ ਖਚਤ ਹੋਣ ਤੋਂ ਬਾਰ ਬਾਰ ਰੋਕਦੀ ਹੈ। ਕੁਦਰਤ ਦੇ ਤੋਹਫੇ (gifts) ਖੁਲੇ, ਬੇਅੰਤ, ਤੇ ਸਦਾ ਰਹਿਨ ਵਾਲੇ ਹਨ, ਇਹ ਮਨੁਖ ਦੇ ਵਿਚ ਤਬਦੀਲੀ ਲਿਆਕੇ ਇਸਨੂੰ ਖੁਲੇ-ਦਿਲਵਾਲਾ (openhiaited) ਬਨਾ ਦੇਂਦੀ ਹੈ। ਕੁਦਰਤ ਮਨੁਖ ਨੂੰ ਕਿਸੇ ਨਾਪ ਤੋਲ ਤੋਂ ਬਿਨਾ ਹੀ ਹਵਾ ਦੇ ਰਹੀ ਹੈ ਇਸੇ ਤਰ੍ਹਾਂ ਪਾਣੀ, ਰੋਸ਼ਨੀ ਤੇ ਸੁੰਦਰਤਾ ਵੀ ਮਨੁਖ ਲਈ ਅਨਮਿਨਿਆ ਹੀ ਦੇਂਦੀ ਹੈ। ਮਨੁਖ ਦੇ ਰੇਡੀਓ ਰੂਪੀ ਹਿਰਦੇ ਦਾ bulb ਜੇ ਠੀਕ ਹੈ ਤਾਂ ਉਸਨੂੰ ਉਹ ਸਹਲਾ ਹੀ ਲੈ ਲਵੇਗਾ ਨਹੀਂ ਤਾਂ ਅਭਾਗਿਆਂ ਦਾ ਕੀ ਇਲਾਜ ਹੈ ? ਇਹ ਉਮਰ ਗੁਜ਼ਰ ਜਾਇਗੀ, ਤਾਂ ਫਿਰ "ਤਾ ਫਿਰ ਪਿਆਰਾ ਰਾਵੀਏ ਜਾ ਆਵੇਗੀ ਵਾਰੀ ॥"

ਕੁਦਰਤ ਮਨੁਖ ਨੂੰ ਆਪਣੇ ਨਿਰੰਤਰ ਅਸਰ ਨਾਲ ਆਪਣੇ ਜਿਹਾ ਹੀ ਬਣਾ ਲੈਂਦੀ ਹੈ। ਇਸ ਨਾਲ ਇਛਾ ਪੂਰਬਕ, ਥੋੜੇ ਸਮੇਂ ਦੀ ਸੰਗਤ ਹੀ ਆਪਣਾ ਕੁਝ ਨਾ ਕੁਝ ਅਸਰ ਛਡ ਜਾਂਦੀ ਹੈ। ਅਗੋਂ ਇਹ ਮਨੁਖ ਦਾ ਫਰਜ਼ ਹੈ ਕਿ ਉਹ ਇਸਦੀ ਬਰਕਤ ਤੇ ਆਸ਼ੀਰਵਾਦ ਨੂੰ ਆਪਣੇ ਅੰਦਰ ਵਸਾਈ ਰਖੇ ਅਤੇ ਉਸ ਤੋਂ ਪੈਦਾ ਹੋਈ (Spiritual awakening) ਆਤਮਕ ਸੋਝੀ ਦਾ ਆਨੰਦ ਮਨਾਏ। ਉਹ ਅਨੰਦ ਜੋ ਕਿ ਮਾਇਆ ਦੇ ਪਰਦੇ ਕਾਰਨ ਭੁਲ ਚੁਕਾ ਹੁੰਦਾ ਹੈ।

ਕੁਦਰਤ ਮਾਂ ! ਮਿਠੀ ਮਾਂ !! ਨਿੱਘੀ ਮਾਂ !!! ਤੇਰੇ ਸੁਖ ਉਹੀ ਜਾਣੇ ਜਿਹੜਾ ਤੇਰੀ ਗੋਦ ਵਿਚ ਖੇਲੇ। ਤੇਰੇ ਸੁਖ ਅਨੁਭਵੀ ਜੀਵਨ ਨਾਲ ਪ੍ਰਾਪਤ ਹੁੰਦੇ ਹਨ। ਇਹ ਤੇਰਾ ਮਹਾਨ-ਦਾਨ ਹੈ ਜੋ ਮਨੁਖ ਅੰਤਰ-ਮੁਖੀ ਹੋ ਜਾਂਦਾ ਹੈ। ਹੇ ਮਾਂ, ਮੈ ਕੀ ਦਸਾਂ ? ਤੇਰੇ ਇਕ ਛਿਨ ਦੇ ਪਿਆਰ ਦੇ ਨਿੱਘ, ਜਨਮਾਂ ਜਨਮਾਂ ਦੀ ਸੁਕੀਆਂ ਖੋਜਾਂ ਨਾਲੋਂ ਜ਼ਿਆਦਾ ਮੁਲਵਾਨ ਹੈ।

ਇਕ ਗੁਰਮੁਖ ਹਿਰਦੇ ਵਿਚ ਇਹੋ ਹੀ ਅਰਦਾਸ ਹੁੰਦੀ ਹੈ ਕਿ ਹੇ ਦਾਤਾਰ ਸਾਨੂੰ ਕੁਦਰਤ ਮਾਂ ਨਾਲ ਇਕ ਮਿਕ ਹੋਣ ਦੀ ਸ਼ਕਤੀ ਦੇ, ਕਿਉਂ ਜੋ ਮਾਂ ਦਵਾਰਾ ਪਰਮ ਪਿਤਾ ਦਾ ਹੀ ਮਿਲਾਪ ਹੁੰਦਾ ਹੈ;

Nature is Mother, Reach Father
through Mother.

——


www.AKJ.Org

# ਸ਼ਹੀਦਾਂ ਦੀ ਘਾਲਣਾ

(ਵਲੋਂ:–ਸ: ਜਗਤ ਸਿੰਘ 'ਜਗਤ' ਫਤੋਵਾਲ)

ਅਕਾਲ ਪੁਰਖ ਦੀ ਲੀਲਾ ਦਾ ਕੋਈ ਅੰਤ ਹਿਸਾਬ ਨਹੀਂ ਪਾ ਸਕਿਆ ਉਸਨੇ ਆਪ ਹੀ ਸਰਿਸ਼ਟੀ ਸਾਜ ਕੇ ਗੁਰਮੁਖ ਤੇ ਮਨਮੁਖ ਦਾ ਘੋਲ ਰਚਿਆ ਹੋਇਆ ਹੈ। ਗੁਰਬਾਣੀ ਦੇ ਸੂਰਜ ਦੀਆਂ ਕਿਰਨਾਂ ਸਾਡੇ ਮਨਾਂ ਨੂੰ ਤੁਰਤ ਹੀ ਚਮਕਾਰ ਬਖਸ਼ ਦੇਂਦੀਆਂ ਹਨ। ਸਤਿਗੁਰਾਂ ਦੇ ਸੀਤਲ ਪਵਿਤਰ ਵਾਕ ਕਿਆ ਧੀਰਜ ਤੇ ਸ਼ਾਂਤ ਹਿਰਦਿਆਂ ਨੂੰ ਬਖਸ਼ਦੇ ਹਨ ਸਾਡੇ ਆਪਣੇ ਖਾਬੋ ਖਿਆਲ ਕਿਤੇ ਦੂਰ ਰਹਿ ਜਾਂਦੇ ਹਨ ਜਦੋਂ ਵਿਚਾਰੀਦਾ ਹੈ ਅਕਾਲੀ ਬਾਣੀ ਨੂੰ। ਸਾਡੇ ਸਤਿਗੁਰੂ ਜੀ ਫਰਮਾ ਰਹੇ ਹਨ—ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ।' ਵਾਹ ਵਾਹ ਦਾਤਿਆ ਤੈਂ ਸਾਡੇ ਪਾਪੀ ਹਿਰਦਿਆਂ ਨੂੰ ਸੰਤੋਖ ਦੇਣ ਲਈ ਉਹ ਮਹਾਂ ਪੁਰਸ਼ ਭਗਤ ਦਾਤੇ ਤੇ ਸੂਰਮੇਂ ਘੱਲੇ ਜਿਨ੍ਹਾਂ ਦੀ ਯਾਦ ਸਾਡੇ ਦਿਲਾਂ ਦੀ ਧੜਕਣ ਬਣੀ ਪਈ ਹੈ। ਸਾਡੇ ਦਸਾਂ ਗੁਰੂਆਂ ਨੇ ਕਲਜੁਗੀ ਜੀਵਾਂ ਦੇ ਸੁਧਾਰ ਲਈ ਉਹ ਮਹਾਨ ਘੋਲ ਘੁਲੇ ਜਿਨਾਂ ਨੂੰ ਤਕ ਕੇ ਅਜ ਸਾਰਾ ਸੰਸਾਰ ਉਨ੍ਹਾਂ ਦੇ ਪੂਰਨਿਆਂ ਨੂੰ ਪ੍ਰਨਾਮ ਕਰ ਰਿਹਾ ਹੈ।

ਆਦਿ ਗੁਰੂ ਨਾਨਕ ਦੇਵ ਜੀ ਤੋਂ ਦਸਵੀਂ ਜੋਤ ਗੁਰੂ ਗੋਬਿੰਦ ਸਿੰਘ ਜੀ ਤੀਕ ਸਾਂਝੀ ਵਾਲਤਾ ਜਾਂ ਸਚੇ ਪਿਆਰ ਲਈ ਵਾਪਰੇ ਖੂਨੀ ਸਾਕੇ ਸਾਨੂੰ ਸਦਾ ਜਾਗਦੇ ਰਖਦੇ ਹਨ ਤੇ ਪ੍ਰਉਪਕਾਰ ਲਈ ਜੂਝ ਮਰਨ ਦਾ ਬਲ ਬਖਸ਼ਦੇ ਹਨ। ਉਹ ਦੇਸ ਜਾਂ ਕੌਮ ਕਿਸੇ ਜਾਬਰ ਅਗੇ ਲੋਹਾ ਲੈਣ ਨੂੰ ਤਾਂ ਹੀ ਖਲੋ ਸਕਦੀ ਹੈ ਜੇ ਉਹ ਆਪਣੇ ਗੁਜ਼ਰੇ ਹੋਏ ਪੁਰਾਤਨ ਇਤਹਾਸ ਨੂੰ ਯਾਦ ਕਰਦਾ ਹੋਇਆ ਆਪ ਉਨਾਂ ਤੇ ਅਮਲ ਕਰੇ। ਸਾਡੇ ਸਤਿਗੁਰੂਆਂ ਨੇ ਪਰਉਪਕਾਰ ਲਈ ਮਸਕੱਤ ਘਾਲ ਕੇ ਐਸਾ ਦਿਰਸ਼ ਹਿੰਦੋਸਤਾਨ ਵਿਚ ਕਾਇਮ ਕੀਤਾ ਜਿਸ ਨੂੰ ਜ਼ਾਲਿਮਾਂ ਜਾਬਰਾਂ ਵੀ ਸੀਸ ਝੁਕਾ ਦਿਤੇ। ਅਜ ਦੀ ਸਿਆਸੀ ਦੁਨੀਆਂ ਉਸ ਨਿਰੋਲ ਸਿਖੀ ਪੰਥ ਤੋਂ ਕਿਤੇ ਦੂਰ ਜਾ ਰਹੀ ਹੈ ਜਿਹੜਾ ਅਕਾਲ ਪੁਰਖ ਜੀ ਨੇ ਆਪ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਖਾਲਸੇ ਦੇ ਰੂਪ ਵਿਚ ਸਾਜਿਆ ਤੇ ਨਿਵਾਜਿਆ ਸੀ।

ਅਕਾਲਪੁਰਖ ਜੀ ਨੇ ਸਤਿਗੁਰ ਨਾਨਕ ਦੇਵ ਜੀ ਨੂੰ ਧਰਮੀ ਹਕੂਮਤ ਦੀ ਬਾਦਸ਼ਾਹਤ ਬਖਸ਼ ਕੇ ਗੁਰਮੁਖ ਗਾਡੀ ਰਾਹ ਚਲਾਇਆ ਸੀ ਬਾਬਰ ਬਾਦਸ਼ਾਹ ਨਾਲ ਸਤਿਗੁਰ ਨਾਨਕ ਦੇਵ ਜੀ ਦਾ ਮਿਲਾਪ ਉਦੋਂ ਹੋਇਆ ਜਦੋਂ ਉਸ ਨੇ ਸਾਰੇ ਹਿੰਦੋਸਤਾਨ ਨੂੰ ਤਲਵਾਰ ਨਾਲ ਤੁਰਕ ਕਰਨਾ ਚਾਹਿਆ ਸੀ। ਸਾਧੂ ਫਕੀਰ ਲਭ ਲਭ ਕੇ ਬਾਬਰ ਨੇ ਜੇਹੀਂ ਜੇਲ੍ਹੀਂ ਪਾ ਛਡੇ ਸਨ। ਗੁਰੂ ਨਾਨਕ ਦੇਵ ਜੀ ਨੇ ਕੌਤਕ ਵਰਤਾਇਆ ਬਾਬਰ ਦੀ ਜੇਲ੍ਹ ਵਿਚ ਜਦੋਂ ਚਕੀ ਦਾਣੇ ਪੀਸਣ ਨੂੰ ਮਿਲੀ ਤਾਂ ਆਪ ਨੇ ਸੱਚੇ ਨਿਰੰਕਾਰ ਨੂੰ ਯਾਦ ਕੀਤਾ ਤਾਂ ਚੱਕੀਆਂ ਸਾਰੀਆਂ ਜੇਲ੍ਹ ਖਾਨੇ ਦੀਆਂ ਹਵਾ ਵਾਂਗ ਚਲਣ ਲੱਗ ਪਈਆਂ ਦਾਣੇ ਸਾਰਿਆਂ ਸਾਧੂਆਂ ਪਾਸੋਂ ਮੁਕ ਗਏ। ਤੇ ਬਾਬਰ ਗੁਰੂ ਬਾਬੇ ਦੇ ਚਰਨੀਂ ਲਗਾ ਤੇ ਅਗੇ ਨੂੰ ਹਰ ਜ਼ੁਲਮੋਂ ਤੋਬਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਬਾਬਰ ਬਾਦਸ਼ਾਹ ਨੂੰ ਸਚ ਮਾਰਗ ਤੇ ਚਲਣ ਦਾ ਉਪਦੇਸ਼ ਦਿਤਾ। ਬਾਬਰ ਜਿਸ ਨੇ ਹਿੰਦੂਆਂ ਦੇ ਖੂਨ ਨਾਲ ਧਰਤੀ



www.AKJ.Org

ਰੰਗ ਛਡੀ ਸੀ ਗੁਰ ਉਪਦੇਸ਼ ਨਾਲ ਇਨਸਾਫ ਕਰਨ ਲਗ ਪਿਆ ਤੇ ਗੁਰੂ ਨਾਨਕ ਦੇਵ ਜੀ ਤੋਂ ਅਸ਼ੀਰਵਾਦ ਲੈਕੇ ਨਿਹਾਲ ਹੋ ਗਿਆ। ਕਾਫੀ ਚਿਰ ਫਿਰ ਭਾਰਤ ਵਰਸ਼ ਗੁਰੂ ਨਾਨਕ ਦੇਵ ਜੀ ਦੇ ਗੁਣ ਗਾਉਂਦਾ ਰਿਹਾ ਤੇ ਜਨਤਾ ਸੁਖ ਦਾ ਜੀਵਨ ਮਾਣਦੀ ਰਹੀ। ਕਾਜ਼ੀਆਂ ਦੇ ਖੂਨੀ ਫਤਵੇ ਲੁਕੇ ਛਿਪੇ ਰਹੇ। ਹਿੰਦੂ ਤੁਰਕ ਦੋਨੋਂ ਗੁਰੂ ਨਾਨਕ ਦੇਵ ਜੀ ਦੀ ਸਿਖੀ ਦਾ ਆਦਰ ਮਾਣ ਕਰਦੇ ਰਹੇ। ਗੁਰੂ ਦੀ ਬਾਣੀ ਜੀਵਾਂ ਨੂੰ ਸਾਂਝਾ ਪਿਆਰ ਦਿਸਦੀ ਰਹੀ।

ਦੋ ਤਿੰਨ ਪੀੜੀਆਂ ਤੋਂ ਬਾਅਦ ਬਾਬਰ ਦੀ ਗਦੀ ਤੇ ਜ਼ਹਾਂਗੀਰ ਦਾ ਪਹਿਰਾ ਆ ਗਿਆ। ਜਹਾਂਗੀਰ ਜਦੋਂ ਦਿਲੀ ਦੇ ਤਖਤ ਤੇ ਬੈਠਾ ਤਾਂ ਉਸਨੂੰ ਦੁਨਿਆਵੀ ਹਕੂਮਤ ਦਾ ਸ਼ਾਹੀ ਨਸ਼ਾ ਆਨ ਚੜ੍ਹਿਆ। ਜਹਾਂਗੀਰ ਨੇ ਜਨਤਾ ਵਿਚ ਫਿਰ ਪਾਟੋ ਧਾੜ ਪਾਕੇ ਥਾਂ ਪ੍ਰਥਾਂ ਰਬੀ ਭਗਤਾਂ ਆਸ਼ਕਾਂ ਦੀਆਂ ਖੂਨੀ ਹੋਲੀਆਂ ਖੇਡਨੀਆਂ ਸ਼ੁਰੂ ਕੀਤੀਆਂ। ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਗਦੀ ਤੇ ਬਿਰਾਜ ਰਹੇ ਸਨ ਤੇ ਦੂਰੋਂ ਨੇੜਿਓਂ ਸਿਖ ਸੰਗਤਾਂ ਆ ਆ ਕੇ ਆਪ ਜੀ ਤੋਂ ਰੱਬੀ ਕੀਰਤਨ ਸੁਣ ਕੇ ਜੀਵਨ ਸੰਵਾਰ ਰਹੀਆਂ ਸਨ। ਬੜੇ ਬੜੇ ਚੰਗੇ ਫ਼ਕੀਰ ਮੁਸਲਮਾਨ ਦਰਵੇਸ਼ ਆਪ ਜੀ ਦਾ ਨਿਘ ਮਾਣ ਰਹੇ ਸਨ। ਜਹਾਂਗੀਰ ਗੁਰੂ ਨਾਨਕ ਦੇਵ ਜੀ ਦੀ ਗਦੀ ਨੂੰ ਮੇਟਣ ਦੇ ਹੀਲੇ ਸੋਚਨ ਲਗਾ। ਸਿਖਾਂ ਪਰ ਕਾਜ਼ੀਆਂ ਰਾਹੀਂ ਨਾਜਾਇਜ਼ ਫਤਵੇ ਲਗਣ ਲਗੇ ਹਿੰਦੂ ਜਨਤਾ ਵਿਚ ਕੁਰਲਾਟ ਪੈ ਗਿਆ।

ਜਹਾਂਗੀਰ ਦਿਨੋਂ ਦਿਨ ਗੁਰ ਗੱਦੀ ਦਾ ਪੱਕਾ ਦੁਸ਼ਮਣ ਬਣ ਗਿਆ। ਗੁਰੂ ਅਰਜਨ ਦੇਵ ਜੀ ਨੇ ਓਨੀਂ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਪੂਰੀ ਕਰ ਪੁਸਤਕ ਦੇ ਰੂਪ ਵਿਚ ਜਿਲ੍ਹਦ ਬੰਨ੍ਹ ਕੇ ਹਰਮੰਦਰ ਸਾਹਿਬ ਪ੍ਰਕਾਸ਼ ਕਰਵਾ ਕੇ ਆਪਣੇ ਨਿੱਜੀ ਪਰੋਗਰਾਮ ਨੂੰ ਪੂਰਾ ਕਰ ਲਿਆ ਸੀ। ਆਪ ਜੀ ਨੇ ਅਕਾਲੀ ਬਾਣੀ ਦਾ ਉਚਾਰਨ ਕੀਤਾ ਤੇ ਬ੍ਰਹਮ ਗਿਆਨੀ ਭਾਈ ਗੁਰਦਾਸ ਜੀ ਨੇ ਆਪਣੀ ਕਲਮ ਨਾਲ ਪਾਕ ਪਵਿਤਰ ਬਾਣੀ ਦਾ ਲਿਖ ਲਿਖ ਕੇ ਸ਼ਿੰਗਾਰ ਕੀਤਾ। ਜਿਸ ਦਿਨ ਤੋਂ ਗੁਰੂ ਰੂਪ ਬਾਣੀ ਦਾ ਪ੍ਰਕਾਸ਼ ਕੀਤਾ ਗੁਰੂ ਅਰਜਨ ਦੇਵ ਜੀ ਨੇ ਥਲੇ ਬਿਸਰਾਮ ਕੀਤਾ ਮੰਜੀ ਤੇ ਨਹੀਂ ਬਿਰਾਜੇ। ਸਤਿਗੁਰੂ ਜੀ ਦੀ ਰਚੀ ਹੋਈ ਬਾਣੀ ਦਾ ਹਰ ਪ੍ਰਾਣੀ ਨੇ ਸਤਿਕਾਰ ਕੀਤਾ। ਪਿਛਲੇ ਸਾਰਿਆਂ ਭਗਤਾਂ ਸੰਤਾਂ ਦੀ ਬਾਣੀ ਪਵਿਤਰ ਬੀੜ ਵਿਚ ਦਰਜ ਕਰਕੇ ਸਤਿਗੁਰੂ ਜੀ ਨੇ ਮਹਾਨ ਏਕਤਾ ਨੂੰ ਪ੍ਰਫੁਲਤ ਕੀਤਾ।

ਗੁਰੂ ਅਰਜਨ ਦੇਵ ਜੀ ਦਾ ਵਡਾ ਭਾਈ ਪ੍ਰਿਥੀ ਚੰਦ ਗੁਰ ਗੱਦੀ ਤੇ ਜੋਰੀਂ ਕਬਜ਼ਾ ਕਰਨਾ ਚਾਹੁੰਦਾ ਸੀ ਮਗਰ ਚੌਥੀ ਪਾਤਸ਼ਾਹੀ ਗੁਰੂ ਰਾਮ ਦਾਸ ਜੀ ਨੇ ਛੋਟੇ ਪੁਤਰ ਅਰਜਨ ਦੇਵ ਜੀ ਦੀ ਕਾਬਲੀਅਤ ਨੂੰ ਮੁਖ ਰਖਦਿਆਂ ਆਪਣਾ ਜਾਨਸ਼ੀਨ ਕਾਇਮ ਕੀਤਾ ਸੀ। ਗੁਰੂ ਅਰਜਨ ਦੇਵ ਜੀ ਦੀਆਂ ਛੋਟੀ ਅਵਸਥਾ ਵਿਚ ਲਿਖੀਆਂ ਚਿਠੀਆਂ ਜੋ ਲਾਹੌਰ ਤੋਂ ਸ੍ਰੀ ਅੰਮ੍ਰਿਤਸਰ ਜੀ ਆਪਣੇ ਪਿਤਾ ਗੁਰੂ ਰਾਮਦਾਸ ਜੀ ਨੂੰ ਭੇਜੀਆਂ ਸਨ ਜੋ ਸ਼ਬਦ ਹਜ਼ਾਰੇ ਪੜ੍ਹਦਿਆਂ ਹਰ ਰੋਜ਼ ਸਿਖਾਂ ਸੇਵਕਾਂ ਨੂੰ ਆਪ ਜੀ ਦੀ ਲਗਨ ਤੇ ਪਿਆਰ ਦਾ ਪ੍ਰਗਟਾਵਾ ਦਸ ਰਹੀਆਂ ਹਨ। ਜਿਵੇਂ ਕਿ "ਇਕ ਘੜੀ ਨ ਮਿਲਤੇ ਤਾ ਕਲਜੁਗੁ ਹੋਤਾ" ਇਹ ਸੀ ਆਪ ਜੀ ਦਾ ਬੈਰਾਗ ਜੋ ਧੁਰ ਦਰਗਾਹੋਂ ਵਿਰਸੇ ਵਿਚ ਪ੍ਰਾਪਤ ਹੋਇਆ ਸੀ।

ਜਦੋਂ ਗੁਰਬਾਣੀ ਤਖਤ ਪਰ ਬਿਰਾਜਮਾਨ ਕੀਤੀ ਗਈ ਤਾਂ ਨਿੰਦਕਾਂ ਨੇ ਹੋਰ ਪੁਸਤਕਾਂ ਬ੍ਰਾਬਰ ਤੇ ਪ੍ਰਚਲਤ ਕੀਤੀਆਂ ਮਗਰ ਉਹ ਅਸਫਲ ਹੋ ਗਈਆਂ ਤੇ ਭਾਗ ਧੁਰ ਕੀ ਬਾਣੀ ਨੂੰ ਹੀ ਲਗੇ। ਕਈਆਂ ਜਹਾਂਗੀਰ ਨੂੰ ਹੋਰ ਚਿੜਾਇਆ ਕਿ ਗੁਰੂ ਅਰਜਨ ਦੇਵ ਜੀ ਨੇ ਇਕ ਐਸੀ ਧਾਰਮਿਕ ਪੁਸਤਕ ਨੂੰ ਰਚਿਆ ਹੈ ਜਿਸ ਵਿਚ ਤੁਰਕਾਂ ਦੀ ਨਿੰਦਿਆ ਕੀਤੀ ਹੈ ਮਗਰ ਇਨਕੁਆਰੀ ਕਰਨ ਨਾਲ ਬਾਦਸ਼ਾਹ ਨੂੰ ਕੋਈ ਲਗਾਉ ਹਥ ਨਾ ਆਇਆ। ਜਹਾਂਗੀਰ ਦਾ ਬਾਪ ਅਕਬਰ ਰਾਜ


www.AKJ.Org

ਗੱਦੀ ਆਪਣੇ ਪੋਤਰੇ ਖੁਸਰੋ (ਜਹਾਂਗੀਰ ਦੇ ਪੁਤਰ) ਨੂੰ ਦੇਣਾ ਚਾਹੁੰਦਾ ਸੀ ਮਗਰ ਉਹ ਚਲ ਬਸਿਆ ਤੇ ਰਾਜਗਦੀ ਜਹਾਂਗੀਰ ਨੂੰ ਮਿਲ ਗਈ। ਜਹਾਂਗੀਰ ਨੇ ਕੋਸ਼ਿਸ਼ ਕੀਤੀ ਕਿ ਆਪਣੇ ਪੁਤਰ ਖੁਸਰੋ ਨੂੰ ਕਤਲ ਕਰਵਾ ਦੇਵੇ ਤਾਂ ਰਾਜ ਗੱਦੀ ਦਾ ਖਤਰਾ ਸਦਾ ਲਈ ਟਲ ਜਾਏਗਾ। ਉਸਨੇ ਖੁਸਰੋ ਨੂੰ ਤੰਗ ਕੀਤਾ ਤੇ ਉਹ ਵਿਚਾਰਾ ਲੁਕਦਾ ਛਿਪਦਾ ਗੁਰੂ ਅਰਜਨ ਦੇਵ ਜੀ ਪਾਸ ਆ ਗਿਆ। ਗੁਰੂ ਅਰਜਨ ਦੇਵ ਜੀ ਨੇ ਉਸਨੂੰ ਪੂਰਨ ਸਹਿਯੋਗ ਦਿਤਾ ਤੇ ਭੋਜਨ ਮਾਇਆ ਦੀ ਸਹਾਇਤਾ ਵੀ ਕੀਤੀ।ਸਤਿਗੁਰ ਜੀ ਨੇ ਪ੍ਰਤਖ ਵਚਨ ਪਾਲਿਆ 'ਜੋ ਸਰਨ ਆਵੈ ਤਿਸ ਕੰਠੁ ਲਾਵੈ ਇਹ ਬਿਰਦੁ ਸੁਆਮੀ ਸੰਦਾ॥' ਜਦੋਂ ਜਹਾਂਗੀਰ ਨੂੰ ਇਸ ਕੌਤਕ ਦਾ ਪਤਾ ਲਗਾ ਤਾਂ ਉਸਨੇ ਸਤਿਗੁਰੂ ਜੀ ਤੇ 2 ਲਖ ਰੁਪੈ ਜੁਰਮਾਨੇ ਦਾ ਫਤਵਾ ਲਾ ਦਿਤਾ ਕਿ ਮੇਰੇ ਦੁਸ਼ਮਨ ਨੂੰ ਪਨਾਹ ਕਿਉਂ ਦਿਤੀ ਹੈ।

ਸਤਿਗੁਰੂ ਜੀ ਨੇ ਸ਼ਾਹੀ ਹੁਕਮ ਦੀ ਤਾਮੀਲ ਨਾ ਕੀਤੀ ਜਿਸ ਤੇ ਸ਼ਾਹੀ ਫੌਜਾਂ ਰਾਹੀਂ ਆਪ ਜੀ ਨੂੰ ਕੈਦ ਕੀਤਾ ਗਿਆ। ਆਪ ਜੀ ਨੇ ਭਾਣਾ ਮੰਨਕੇ ਜਹਾਂਗੀਰ ਦੇ ਹਰ ਜ਼ੁਲਮ ਅਤਿਆਚਾਰ ਨੂੰ ਝਲਣਾ ਮਨਜ਼ੂਰ ਕੀਤਾ ਮਗਰ ਸਿਖੀ ਦੇ ਬੂਟੇ ਨੂੰ ਜ਼ਰਾ ਆਂਚ ਨਾ ਆਉਣ ਦਿਤੀ। ਜਹਾਂਗੀਰ ਦਾ ਮੁਖ ਨਿਸ਼ਾਨਾ ਏਹੀ ਸੀ ਕਿ ਜਾਂ ਤੇ ਰੁਪੈ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਉ ਜਾਂ ਮੁਸਲਮਾਨ ਹੋ ਜਾਉ। ਸਤਿਗੁਰੂ ਜੀ ਨੂੰ ਅੰਮ੍ਰਿਤਸਰ ਤੋਂ ਲਾਹੌਰ ਲਿਆਂਦਾ ਗਿਆ ਤੇ ਦੁਖ਼ ਤਸੀਹੇ ਦਿਤੇ ਗਏ। ਚੰਦੂ ਪਾਪੀ ਜਿਸ ਨੇ ਗੁਰੂ ਘਰ ਦੀ ਨਿੰਦਿਆ ਕੀਤੀ ਸੀ ਤੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁਤਰ ਹਰ ਗੋਬਿੰਦ ਦਾ ਰਿਸ਼ਤਾ ਸੰਗਤ ਦੇ ਕਹੇ ਚੰਦੂ ਦੀ ਲੜਕੀ ਨਾਲ ਕਰਨੋਂ ਨਾਂਹ ਕਰ ਦਿਤੀ ਸੀ। ਜਹਾਂਗੀਰ ਨੇ ਗੁਰੂ ਸਾਹਿਬ ਦੀ ਨਿਗਰਾਨੀ ਚੰਦੂ ਦੇ ਸਪੁਰਦ ਕਰ ਦਿਤੀ ਸੀ। ਚੰਦੂ ਪਾਪੀ ਨੂੰ ਇਹ ਸਮਾਂ ਸੁਖਾਂ ਸੁਖਦਿਆਂ ਨਸੀਬ ਹੋਇਆ। ਉਹ ਗੁਰੂ ਸਾਹਿਬ ਨੂੰ ਆਪਣੀ ਧੀ ਦਾ ਰਿਸ਼ਤਾ ਮਨਾ ਰਿਹਾ ਸੀ ਮਗਰ ਅਡੋਲ ਆਤਮਾਂ ਕਿਸੇ ਅਗੰਮੀ ਨਸ਼ੇ ਵਿਚ ਮਸਤੁ-ਅਲਮਸਤੁ ਅਕਾਲਪੁਰਖ ਨਾਲ ਇਕ ਮਿਕ ਹੋਣ ਨੂੰ ਝੂਮ ਰਹੀ ਸੀ। ਕਾਜ਼ੀਆਂ ਦੇ ਖ਼ੂਨੀ ਫਤਵੇ ਨਾਲ ਪਹਲੋਂ ਆਪ ਨੂੰ ਉਬਲਦੀ ਦੇਗ਼ ਵਿਚ ਬਿਠਾਇਆ ਗਿਆ ਮਗਰ ਜਿਉਂ ਜਿਉਂ ਉਬਾਲਾ ਆਉਂਦਾ ਤਿਉਂ ਤਿਉਂ ਨੂਰਾਨੀ ਮੁਖੜੇ ਚੋਂ ਵਾਹਿਗੁਰੂ ਵਾਹਿਗੁਰੂ ਦੀਆਂ ਜਲਾਲ ਭਰੀਆਂ ਗੂੰਜਾਂ ਜਲਾਦਾਂ ਨੂੰ ਸ਼ਰਮਸਾਰ ਕਰ ਰਹੀਆਂ ਸਨ।

ਜਦੋਂ ਜਲਾਦਾਂ ਸਤਿਗੁਰੂ ਜੀ ਨੂੰ ਅਡੋਲ ਦੇਖਿਆ ਤੇ ਦੂਸਰਾ ਸ਼ਾਹੀ ਹੁਕਮ ਜਾਰੀ ਕਰਵਾ ਕੇ ਲਾਗੂ ਕੀਤਾ ਤੇ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ। ਚੰਦੂ ਪਾਪੀ ਸ਼ਾਹੀ ਹੁਕਮ ਨੂੰ ਬਦ ਮਸਤੀ ਨਾਲ ਪਾਲ ਰਿਹਾ ਸੀ। ਜੂਨ ਮਹੀਨੇ ਦੀ ਸਖਤ ਗਰਮੀ ਹੋਵੇ ਹੇਠ ਅਗ ਬਲਦੀ ਹੋਵੇ ਤੱਤੀ ਤੱਵੀ ਤੇ ਬੈਠ ਕੇ ਸੀਸ ਵਿਚ ਤੱਤੀ ਰੇਤਾ ਪੁਆਣੀ ਮੁਖੋਂ ਆਖਣਾ ਅਕਾਲ ਪੁਰਖ ਜੀ "ਤੇਰਾ ਭਾਣਾ ਮੀਠਾ ਲਾਗੈ ਹਰਿ ਨਾਮੁ ਪਦਾਰਥੁ ਨਾਨਕ ਮਾਗੈ॥" ਇਹ ਸਾਡੇ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਪਵਿਤਰ ਕੁਰਬਾਨੀ ਹੈ ਜਿਸ ਨੇ ਪੰਜਾਬ ਵਿਚ ਨਿਰੋਲ ਕੁਰਬਾਨੀਆਂ ਦੇ ਬੂਟੇ ਦਾ ਬੀਜ ਬੋਇਆ। ਮੀਆਂ ਮੀਰ ਗੁਰੂ ਅਰਜਨ ਦੇਵ ਜੀ ਦਾ ਮਹਿਰਮ ਫ਼ਕੀਰ ਸੀ ਜਦੋਂ ਉਸਨੂੰ ਇਸ ਘੋਰ ਹਤਿਆ ਦਾ ਪਤਾ ਲੱਗਾ ਤਾਂ ਉਹ ਅਗ ਵਾਂਗ ਲਾਲੋ ਲਾਲ ਹੋਕੇ ਗੁਰੂ ਜੀ ਦੇ ਦੀਦਾਰ ਨੂੰ ਭੱਜਾ ਆਇਆ। ਜਦੋਂ ਸਾਂਈ ਮੀਆਂ ਮੀਰ ਨੇ ਗੁਰੂ ਜੀ ਨੂੰ ਇਤਨਾਂ ਕਸ਼ਟ ਪਾਉਂਦਿਆਂ ਦੇਖਿਆ ਤਾਂ ਇਤਨਾ ਜੋਸ਼ ਵਿਚ ਆ ਗਿਆ ਕਿਹਾ ਖੂਨੀ ਜਲਾਦ ਆਪਣੇ ਪਾਪਾਂ ਨੂੰ ਤੱਕ ਕੇ ਸਿਥਲ ਹੋ ਗਏ। ਮੀਆਂ ਮੀਰ ਨੇ ਕਿਹਾ ਮੇਰੇ ਦਿਲਾਂ ਦਿਆ ਮੋਹਣਿਆਂ ਗੁਰੂ ਅਰਜਨ ਦੇਵ ਜੀ ਪਿਆਰਿਆ ਹੁਣ ਮੈਨੂੰ ਆਗਿਆ ਬਖਸ਼ ਦੇ ਮੈਂ ਇਸ ਜ਼ਾਲਿਮ ਹਕੂਮਤ ਦਾ ਫ਼ਸਤਾ ਹੀ ਨਿਬੇੜ ਦੇਵਾਂ ਤੇ ਚੂਰਾ ਚੂਰਾ ਦਿੱਲੀ ਤੇ ਲਾਹੌਰ ਨੂੰ ਭੇੜ ਕੇ ਕਰ ਦਿਖਾਵਾਂ,ਗੁਰੂ ਅਰਜਨ ਦੇਵ ਜੀ ਨੇ ਮੀਆਂਮੀਰ


www.AKJ.Org

ਨੂੰ ਬੜੀ ਸ਼ਾਂਤੀ ਸਹਿਤ ਸਮਝਾਇਆ ਕਿ ਸਾਂਈ ਜੀ ਦੋ ਚਾਰ ਖ਼ੁਦਗਰਜ਼ਾਂ ਪਿਛੇ ਇਤਨੀ ਜਨਤਾ ਦਾ ਨੁਕਸਾਨ ਕਿਉਂ ਕਰਨਾ ਹੈ ਇਹ ਸਭ ਪ੍ਰਭੂ ਦੇ ਭਾਣੇ ਵਿਚ ਹੋ ਰਿਹਾ ਏ ਭਾਣਾਂ ਮਨੋਂ। ਜਦੋਂ ਮੀਆਂ ਮੀਰ ਨੇ ਗੁਰੂ ਜੀ ਦਾ ਉਪਦੇਸ਼ ਸੁਣਿਆਂ ਤੇ ਸਤਿਗੁਰੂ ਜੀ ਵਲ ਤਕਿਆ ਤਾਂ ਹੈਰਾਨ ਰਹਿ ਗਿਆ ਦੇਖ ਕੇ ਲਾਹੌਰ ਸ਼ਹਿਰ ਸਤਿਗੁਰਾਂ ਦੀ ਉਂਗਲੀ ਤੇ ਘੁਮਦਾ ਦੇਖ ਫਕੀਰ ਸਤਿਗੁਰਾਂ ਦੀ ਚਰਨੀ ਢੇ ਪਿਆ ਤੇ ਪ੍ਰਭ ਭਾਣਾ ਤਕ ਕੇ ਪੁਕਾਰ ਉਠਿਆ। "ਜੋ ਸੂਹਾ ਤਿਸ ਹੀ ਹੋਇ ਮਰਨਾ' ਫਕੀਰ ਖਾਮੋਸ਼ ਹੋ ਗਿਆ।

ਜਦੋਂ ਸਤਿਗੁਰੂ ਜੀ ਤੱਤੀ ਤਵੀ ਤੇ ਵੀ ਅਡੋਲ ਰਹੇ ਤਾਂ ਜਲਾਦਾਂ ਨੂੰ ਹੁਕਮ ਹੋਇਆ ਗੁਰੂ ਨੂੰ ਗਊ ਦੇ ਕੱਚੇ ਚਮੜ ਵਿਚ ਸੀ ਕੇ ਦੁਖ ਤਸੀਹੇ ਦੇ ਕੇ ਸ਼ਹੀਦ ਕਰੋ। ਚੰਦੂ ਦੀ ਨੂੰਹ ਆਪਣੇ ਸੌਹਰੇ ਦੀ ਨੀਤੀ ਦੇਖ ਰਾਤ ਦੇ ਸਖਤ ਪਹਿਰੇ ਵਿਚ ਗੁਰੂ ਕੇ ਦਰਸ਼ਨ ਕਰ ਸਿਖ ਜਗਤ ਵਿਚ ਅਮਰ ਹੋ ਗਈ ਤੇ ਉਹ ਗੁਰੂ ਜੀ ਤੋਂ ਪਹਿਲੇ ਸਚਖੰਡ ਜਾ ਵਸੀ।

ਜਦੋਂ ਗੁਰੂ ਅਰਜਨ ਦੇਵ ਜੀ ਨੂੰ ਗਊ ਦੇ ਕਚੇ ਚਮੜੇ ਵਿਚ ਸੀਤੇ ਜਾਣ ਦਾ ਪ੍ਰੋਗਰਾਮ ਮਿਲਿਆ ਤਾਂ ਉਹ ਘਟਿ ਘਟਿ ਕੀ ਜਾਨਤ ਦੀ ਬਾਜ਼ੀ ਪਹਿਲੋਂ ਹੀ ਲਾ ਬੈਠੇ। ਸਰਕਾਰੀ ਜਲਾਂਦਾ ਤੇ ਕਰਮਚਾਰੀਆਂ ਨਾਲ ਲੈ ਜਦੋਂ ਰਾਵੀ ਵਿਚ ਇਸ਼ਨਾਨ ਨੂੰ ਗਏ ਤਾਂ ਐਸਾ ਚੁਭਾ ਮਾਰਿਆ ਕਿ ਜਲ ਕਾ ਜਲ ਹੂਆ ਰਾਮ ਦੇਖਣ ਵਾਲੇ ਹਥ ਮਲਦੇ ਰਹਿ ਗਏ ਆਪ ਜੀ ਨੇ ਗਊ ਦੀ ਜਾਨ ਵੀ ਰਖ ਲਈ ਤੇ ਸਿਖੀ ਦੇ ਬੂਟੇ ਨੂੰ ਵੀ ਸਦਾ ਲਈ ਰਖ ਲਿਆ। ਗੁਰੂ ਅਰਜਨ ਦੇਵ ਜੀ ਨੇ ਪੰਜਾਬ ਦੀ ਪਵਿਤਰ ਧਰਤੀ ਵਿਚ ਅਮਰ ਸ਼ਹੀਦੀ ਬੂਟਾ ਲਾ ਕੇ ਇਸ ਧਰਤੀ ਵਿਚੋਂ ਹੋਰ ਅਨੇਕਾਂ ਸ਼ਹੀਦਾਂ ਨੂੰ ਐਸਾ ਉਤਸ਼ਾਹ ਬਖਸ਼ਿਆ ਜਿਨ੍ਹਾਂ ਹੱਸ ਹੱਸ ਕੇ ਲਾੜੀ ਮੌਤ ਕੋਲੋਂ ਜਾਮਿ-ਵਹਦਤ ਪੀ ਕੇ ਸ਼ਹੀਦਾਂ ਦੇ ਨਾਮ ਨੂੰ ਰੌਸ਼ਨ ਕੀਤਾ। ਉਨਾਂ ਜਹਾਨ ਸ਼ਹੀਦਾਂ ਦੀ ਘਾਲਣਾਂ ਦਾ ਸਦਕਾ ਹਿੰਦੋਸਤਾਨ ਵਿਚ ਜਾਬਰਾਂ ਦਾ ਨਾਸ ਹੋਇਆ। ਗੁਰੂ ਅਰਜਨ ਦੇਵ ਜੀ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਦੋ ਤਲਵਾਰਾਂ ਮੀਰੀ ਪੀਰੀ ਦੀਆਂ ਪਹਿਨਿਆਂ ਤੇ ਕੇਸਰੀ ਨਿਸ਼ਾਨ ਸ੍ਰੀ ਹਰਮੰਦਰ ਸਾਹਿਬ ਜੀ ਝੁਲਾਕੇ ਸਿਖੀ ਦੀ ਸ਼ਾਨ ਨੂੰ ਹੋਰ ਉਚਿਆਂ ਕੀਤਾ ਤੇ ਅਖੀਰ ਜ਼ਾਲਮਾਂ ਨੂੰ ਸੋਧਣ ਲਈ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤ ਦੀ ਸ਼ਕਤੀ ਲੈ ਕੇ ਮਾਤ ਲੋਕ ਵਿਚ ਆਏ ਤੇ ਖਾਲਸਾ ਪੰਥ ਸਾਜ ਕੇ ਅਖੀਰ ਗੁਰੂ ਮਾਨਿਓ ਗ੍ਰੰਥ ਆਖਕੇ ਦੇਹਧਾਰੀਆਂ ਗੁਰੂਆਂ ਕੋਲੋਂ ਜਨਤਾ ਨੂੰ ਸਦਾ ਲਈ ਬਖ਼ਸ਼ ਲਿਆ। ਅਫਸੋਸ ਉਨਾਂ ਸ਼ਹੀਦਾਂ ਦੇ ਖੂਨ ਵਿਚ ਰੰਗੇ ਹੋਏ ਸਿਖੀ ਘਰਾਣੇ ਦੇਹਧਾਰੀ ਗੁਰੂ ਬਣਾ ਕੇ ਗੁਰਬਾਣੀ ਦੀ ਨਿੰਦਿਆ ਕਰ ਰਹੇ ਹਨ। ਅਜ ਦਿਆਂ ਦੇਹਧਾਰੀ ਗੁਰੂਆਂ ਨੇ ਮੁਲਕ ਦੀਆਂ ਵੰਡੀਆਂ ਪਾ ਛਡੀਆਂ ਹਨ। ਅਜ ਸਮੇਂ ਦੀ ਪੁਕਾਰ ਹੈ ਕਿ ਗੁਰੂ ਆਪਣੇ ਖਾਲਸਾ ਪੰਥ ਵਿਚ ਅੰਮ੍ਰਿਤ ਕਲਾ ਐਸੀ ਵਰਤਾਵੇ ਕਿ ਪੰਜ ਪੰਜ ਸਿੰਘ ਸ਼ਸਤਰ ਪਹਿਨ ਜਿਥੇ ੨ ਵੀ ਕੋਈ ਗੁਰੁ ਡੰਮ ਬਣਾਕੇ ਨਾਮਦਾਤਾ,ਕੱਲਾ ਬਣਿਆ ਬੈਠਾ ਹੈ ਉਸਨੂੰ ਦੇਗ ਤੇ ਤੇਗ ਨਾਲ ਪੰਜ ਕਕਾਰੀ ਗੁਰਮਤ ਨਾਮ ਵਲ ਲਿਆਉਣ।

ਅਜ ਉਹ ਪੰਜਾਬ ਜਿਸ ਦੀ ਚੱਪਾ ਚੱਪਾ ਜ਼ਮੀਨ ਤੇ ਸ਼ਹੀਦਾਂ ਦਾ ਖੂਨ ਬਿਖਰਿਆ ਹੋਇਆ ਹੈ ਉਸ ਧਰਤੀ ਦੀ ਸਿਖੀ ਪਤਿਤ ਹੋ ਰਹੀ ਹੈ। ਦਾੜੀਆਂ ਕੇਸਾਂ ਦਾ ਖੁਲਮ ਖੁਲਾ ਕਤਲ ਹੋ ਰਿਹਾ ਹੈ ਤੇ ਚੰਗੇ ੨ ਦਾੜ੍ਹੀਆਂ ਕੇਸਾਂ ਵਾਲੇ ਖੁਲ੍ਹੇ ਬਾਜ਼ਾਰ ਸਿਗਰਟ ਨੋਸ਼ੀ ਕਰ ਰਹੇ ਹਨ। ਉਹ ਗੁਰਬਾਣੀ ਜਿਸ ਦੀ ਮਹਾਨਤਾ ਲਈ ਸਰਵੰਸ ਲਾਏ ਉਸ ਦਾ ਨਿਸ਼ਾਨਾਂ ਛਡਿਕੇ ਸਿੰਘਾਂ ਵਿਚ ਧੜੇ ਬਣ ਰਹੇ ਹਨ। ਫੌਜੀ ਨੌਕਰ ਕੋਈ ਵਿਰਲਾ ਹੀ ਗਭਰੂ ਦਾੜ੍ਹੀ ਵਾਲਾ ਨਜ਼ਰ ਪੈਂਦਾ ਹੈ ਪੁਛਣ ਤੇ ਅਗੋਂ ਜਵਾਬ ਮਿਲਦਾ ਹੈ ਦਾੜ੍ਹੀਆਂ ਕੇਸਾਂ ਵਾਲੇ ਵੀ ਸਿਗਰਟਾਂ ਪੀਂਦੇ ਹਨ। ਸ਼ਹੀਦਾਂ ਦੀਆਂ ਰੂਹਾਂ ਕੁਰਲਾ ਰਹੀਆਂ ਹਨ। ਵਾਹਿਗੁਰੂ ਭੇਜੇ ਕੋਈ ਸੂਰਮਾਂ ਨਿਰੋਲ ਕੁਰਬਾਨੀ ਲਈ।


www.AKJ.Org

# ਅਨਮੋਲ ਰਤਨ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਲਿਖਤ 'ਜੇਲ੍ਹ ਚਿੱਠੀਆਂ' ਵਿਚੋਂ ਚੋਣਵੇਂ ਰਤਨ)

[ਪਿਛੇ ਤੋਂ ਅਗੇ—ਨੰ: 5]

੪੦ ਉਚੀਆਂ ਕੰਧਾਂ ਉਪਰ ਦੀ ਥੋੜਾ ਕਿਚਤ ਮਾਤ੍ਰ ਹੀ ਅਕਾਸ਼ ਉਫ਼ਕ ਦਾ ਕੁਦਰਤੀ ਨਜ਼ਾਰਾ ਕਾਦਰੀ ਯਾਦ ਦੀਆਂ ਅਗੰਮੀ ਕਾਂਗਾਂ ਉਪਜਾਉਣ ਹਿਤ ਸਹਾਈ ਹੋ ਜਾਂਦਾ ਸੀ। ਨਾਮ-ਅਭਿਆਸ ਤੋਂ ਸੁਰਤੀ ਬਿਰਤੀ ਇਕ ਛਿੰਨ ਭੀ ਉਖੜਨੀ ਨ ਪਾਵੇ। ਵਾਹ ਕਾਦਰਾ, ਤੇਰੇ ਰੰਗ! ਬੰਦੀਆਂ ਅੰਦਰ ਬੰਦਗੀ ਕਰਾਉਣ ਦੇ ਭੀ ਤੇਰੇ ਅਨੋਖੇ ਢੰਗ ਹਨ।

(ਪੰਨਾਂ ੨੮੪)

੪੧ ਐਧਰ ਠੰਢੀਆਂ ਪਉਣਾਂ ਦੇ ਰੁਮਕੇ ਲਗੇ ਆਉਣ ਅਤੇ ਟੁੰਮਿ ਟੁੰਮਿ ਜਗਾਉਣ। ਹਿਤ ਅਲਸਾਈਆਂ ਅਖੀਆਂ ਵਾਲਿਆਂ ਨੂੰ ਕਉਣ ਥਾਪੜੇ ਦੇਵੇ। ਮਸਾਂ ਸ਼ੁਭ ਅਵਸਰ ਲਭੇ ਨਾਮ ਰੰਗ ਜੁੱਟਣ ਦੇ ਅਤੇ ਹੱਲੇ ਕਰ ਕਰ ਟੁਟਣ ਦੇ। ਬਸ ਨਾਮ ਰਸੀਅੜੇ ਤਾਂ ਟੁੱਟ ਟੁੱਟ ਪਏ ਨਾਮ ਜਪਣ ਨੂੰ। ਨੈਨ ਨਿੰਦ੍ਰਾਵਲੀਏ ਲੰਮੇ ਪਏ ਘੁਰਾੜੇ ਮਾਰਨ। ਚਿੜੀ ਚੁਹਿਕੀ ਪੁਹ ਫੁਟੀ ਤਾਈਂ ਅਕਿ ਤੂੰਗ ਨਾਮ ਰੰਗ ਦੇ ਵਗਦੇ ਰਹੇ।

(ਪੰਨਾ ੨੮੮)

੪੨ ਪਰ ਪਿਛੋਂ ਇਸ਼ਨਾਨ ਦੀਆਂ ਬਾਲਟੀਆਂ ਬਿਹਾਰੀ ਇਖਲਾਕੀ ਕੈਦੀਆਂ ਤੋਂ ਢੁਆਕੇ ਭਰਵਾਕੇ ਅੰਦਰ ਰਖਾ ਦੇਣ। ਪਰ ਅਸਾਂ ਕਿਸੇ ਦੀ ਢੋ ਭਰਕੇ ਰਖੀ ਬਾਲਟੀ ਵਰਤਣੀ ਨਾ ਹੋਈ। ਬੜੀ ਮੁਸ਼ਕਲ ਆਈ ਜੇਲ੍ਹ ਵਾਲਿਆਂ ਨੂੰ। (ਪੰਨਾ ੨੯੯)

੪੩. ਪ੍ਰੂਤੂ ਜਿੰਦੇ ਵਜੇ ਜੰਗਲਿਆਂ ਅੰਦਰ ਤਾੜੇ ਹੋਏ ਸਿੰਘ ਸੂਰਬੀਰਾਂ ਦੇ ਅਜੇਹੇ ਬੋਲ ਬਾਲੇ ਕਿ ਸ਼ੇਰਾਂ ਵਾਂਗੂੰ ਹੀ ਬਾਣੀਆਂ ਪੜ੍ਹ ਪੜ੍ਹ ਗੱਜਣ ਅਤੇ ਜਿਉਂ ਜਿਉਂ ਸ਼ੇਰ ਗੱਜਣ ਤਿਉਂ ਤਿਉਂ ਕੋਠੀਆਂ ਗੂੰਜਣ। ਇਕ ਜਣਾ ਬਾਣੀ ਪੜ੍ਹੇ ਤਾਂ ਸਾਰੀਆਂ ਕੋਠੀਆਂ ਵਿਚ ਸੁਣਾਈ ਦੇਵੇ ............ਗਲ ਕੀ ਬਾਣੀਆਂ ਦੇ ਪਾਠ ਦਾ ਅਜੇਹਾ ਪ੍ਰਵਾਹ ਚਲਿਆ ਕਿ ਚੱਤੇ ਪਹਿਰ ਕਿਸੇ ਵੇਲੇ ਠੱਲ੍ਹੇ ਹੀ ਨਾ...... ...ਰਾਤ ਦੇ ਦੋ ਵਜੇ ਤੋਂ ਦਿਨ ਚੜ੍ਹੇ ਜਿੰਦਰਾ ਖੁਲ੍ਹਣ ਤਕ ਬਾਣੀ ਦਾ ਤੋੜ ਅਖੰਡ ਪਰਵਾਹ ਚਲੇ.........ਛਕਣ ਛਕਾਉਣ ਦਾ ਸਮਾਂ ਹੀ ਮਸਾਂ ਅਵੇਸਲਾ ਜਾਵੇ.........ਰਹਿਰਾਸ ਦਾ ਭੋਗ ਪੈਣ ਸਾਰ ਤੇ ਜੈਕਾਰਿਆਂ ਦੀ ਗੁੰਜਾਰ ਠੱਲ੍ਹਣ ਸਾਰ ਹੀ 'ਦਿਨ ਰੈਣ' 'ਬਾਰਾਮਾਹਾ' ਤੁਖਾਰੀ, 'ਬਾਰਾ ਮਾਹਾ' ਮਾਝ, 'ਫੁਨਹੇ' 'ਚਉਬੋਲੇ' 'ਬਿਰਹੜੇ' ਆਦਿਕ ਬਾਣੀਆਂ ਦੇ ਪ੍ਰੇਮ ਪਾਠ ਹੋਇਆ ਕਰਨ। ਫੇਰ...ਕੀਰਤਨ ਸੋਹਿਲੇ ਦਾ ਪਾਠ ਪੜ੍ਹ ਸੁਣਕੇ ਸਭ ਸਜਣਾਂ ਨੇ ਗੁਪਤ ਹੋ ਜਾਣਾ। ਗੁਪਤ ਅਭਿਆਸੀਆਂ ਨੇ


www.AKJ.org

ਨਾਮ ਅਭਿਆਸ ਵਿਚ ਜੁਟ ਜਾਣਾ ਅਤੇ ਜੁਟੇ ਜੁਟਾਏ ਹੀ ਗੁੱਟ ਹੋ ਜਾਣਾ। (ਪੰਨਾ ੨੯੯)

੪੪. ਜਦੋਂ ਇਸ ਨੇ (ਭਾਵ ਜੇਲ੍ਹ ਦਰੋਗੇ ਨੇ) ਆਉਣਾ ਤਾਂ ਅਸੀਂ ਆਪੇ ਹੀ ਇਸਦੀ ਇੱਜ਼ਤ ਲਈ ਉਠ ਖੜ੍ਹਨਾ, ਬਸ਼ਰਤੇ ਕਿ ਬਾਣੀ ਦਾ ਪਾਠ ਨਾ ਕਰਦੇ ਹੋਈਏ।

(ਪੰਨਾ ੨੯੩)

੪੫. ਮੈਨੂੰ ਤਾਂ ਭੁਖ ਹੜਤਾਲ ਮਜਬੂਰਨ ਕਰਨੀ ਪਈ, ਮਥ ਕੇ ਨਹੀਂ ਕੀਤੀ, ਹਾਕਮਾਂ ਮੱਲੋ ਮੱਲੀ ਕਰਾਈ, ਫਲ ਆਦਿਕ ਦੇਣੇ ਉਨ੍ਹਾਂ ਬੰਦ ਕਰ ਦਿਤੇ, ਨੜੀਮਾਰ ਅਨ-ਮਤੀਆਂ ਦਾ ਪਕਿਆ ਖਾਣਾ ਖਾਣਾ ਨਾ ਹੋਇਆ। ਚਾਰ ਪੰਜ ਦਿਨ ਤਾਂ ਮੈਨੂੰ ਕਿਸੇ ਪੁਛਿਆ ਹੀ ਨਾ।.........ਇਕ ਹਫ਼ਤੇ ਦੀ (Solitary Punishment) (ਵਖਰੀ ਕੋਠੀ ਬੰਦੀ ਦੀ ਸਜ਼ਾ) ਲਿਖ ਗਏ। ਇਕ ਹਫ਼ਤਾ ਭੀ ਭੁਖਣ ਭਾਣਿਆਂ ਨੂੰ ਬੀਤ ਗਿਆ ਅਤੇ ਸਜ਼ਾ ਭੀ ਮੁਕ ਗਈ। ਚੜ੍ਹੇ ਹਫ਼ਤੇ ਨਵੀਂ ਸਜ਼ਾ ਖੜੀ ਹਥਕੜੀ ਦੀ ਦੇ ਦਿਤੀ......... ਗੁਰਬਾਣੀ ਜਾਪ ਤਾਤ ਦੇ ਜਪੀਆਂ ਤਪੀਆਂ, ਹਥ ਬੰਦ ਖੜੇ ਖੜੋਤੇ ਸਹਿਜ ਜੁਗਤਿ ਜੋਗੀਸ਼ਰਾਂ (ਨੋਟ: ਨਾਲ ਹੀ ਕੁਝ ਹੋਰ ਕੈਦੀ ਸਾਥੀ ਭੀ ਇਸ ਸਜ਼ਾ ਵਿਚ ਸ਼ਾਮਲ ਸਨ) ਦੀਆਂ ਸਮਾਧ ਸਥਿਤ ਤਾੜੀਆਂ ਲਗੀਆਂ ਹੋਈਆਂ ਅਤੇ ਸੁਖਮਨੀ ਸਾਹਿਬ, ਅਕਾਲ ਉਸਤਤ ਆਦਿਕ ਅਮਰ ਬਾਣੀਆਂ ਦੀਆਂ ਅਮਰ ਧੁਨੀਆਂ ਦੀ ਗੁੰਜਾਰ ਗੂੰਜ ਉਠੀ...... ਖਿਝ ਕੇ ਹੁਕਮ ਦਿਤਾ ਇਨ੍ਹਾਂ ਨੂੰ ਧੁਪੇ ਹਥ-ਕੜੀ ਲਾਕੇ ਖੜੇ ਕਰੋ, ਧੁੱਪੇ ਭੀ ਉਹੋ ਧੁਨੀਆਂ। ਫਿਰ ਹੁਕਮ ਚਾੜ੍ਹਿਆ ਕਿ ਇਨ੍ਹਾਂ ਨੂੰ ਟਾਟ ਵਰਦੀ (ਬੋਰੀਆਂ ਦੇ ਕਪੜੇ) ਪਹਿਨਾ ਦਿਉ।

(ਪੰਨਾ ੨੯੮-੨੯੯)

## ਰੈਣ ਸਬਾਈ ਕੀਰਤਨ

ਸਰਬਤ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 24 ਤੇ 25 ਮਈ 1969 ਦੀ ਵਿਚਕਾਰਲੀ ਰਾਤ ਨੂੰ ਗੁਰਦੁਆਰਾ ਸਾਹਿਬ ਜੜਤੋਲੀ ਕਿਲ੍ਹਾ ਰਾਏ ਪੁਰ ਵਿਖੇ ਰੈਣ ਸਬਾਈ ਕੀਰਤਣ ਹੋ ਰਿਹਾ ਹੈ। ਸਰਬਤ ਸੰਗਤਾਂ ਹਾਜ਼ਰੀਆਂ ਭਰ ਕੇ ਜਨਮ ਸਫਲਾ ਕਰਨ।

ਦਾਸ:—ਮਾਸਟਰ ਉਜਾਗਰ ਸਿੰਘ
ਪਿੰਡ ਫਰਵਾਲੀ, ਡਾਕਖਾਨਾ ਲੋਹਟਬਦੀ,
ਜ਼ਿਲ੍ਹਾ ਸੰਗਰੂਰ।

ਸਮਾਗਮ ਅਸਥਾਨ—ਗੁਰਦੁਆਰਾ ਸਾਹਿਬ ਜੜਤੋਲੀ ਕਿਲ੍ਹਾ ਰਾਏ ਪੁਰ ਦੇ ਦਰਵਾਜ਼ੇ ਉਤੇ ਐਹਮਦਗੜ੍ਹ ਤੇ ਲੁਧਿਆਣਾ ਰੇਲਵੇ ਲਾਈਨ ਤੇ ਰੇਲਵੇ ਸਟੇਸ਼ਨ ਕਿਲ੍ਹਾ ਰਾਏ ਪੁਰ ਤੋਂ ਜੜਤੋਲੀ ਵਾਲੇ ਰਸਤੇ ਤੇ ਦਰਵਾਜ਼ੇ ਦੇ ਉਤੇ ਸ਼ੋਭਨੀਕ ਹੈ।

## ਕਾਲਕਾ ਵਿਖੇ ਭਾ: ਸਾ: ਭਾ: ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਹਿਤ ਭਾਰੀ ਅਖੰਡ ਕੀਰਤਨ ਸਮਾਗਮ

ਕਾਲਕਾ ਤੋਂ ਭਾ: ਨੌਹਰੀਆ ਸਿੰਘ ਜੀ ਸੂਚਨਾ ਦਿੰਦੇ ਹਨ ਕਿ 16 ਅਪ੍ਰੈਲ 1969 ਦਿਨ ਬੁਧਵਾਰ ਨੂੰ ਕਾਲਕਾ ਵਿਖੇ ਗੁਰਦੁਆਰਾ ਸਾਹਿਬ ਮਹੱਲਾ ਕਰਾੜੀ ਵਿਖੇ ਸ਼ਾਮ ਨੂੰ 7 ਵਜੇ ਤੋਂ 11 ਵਜੇ ਤਕ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਬੜੇ ਭਾਰੀ ਰਸ ਭਿੰਨੜੇ ਕੀਰਤਨ ਸਮਾਗਮ ਹੋਏ। ਯਾਨੀ "ਸੰਤ ਕੀ ਮਿਤਰਾਈ" ਦੀਆਂ ਗੂੰਜਾਂ ਪਈਆਂ।


www.AKJ.Org

# ਗੁਰਮਤਿ ਅਤੇ ਵਰਣ ਆਸ਼ਰਮ ਧਰਮ—(੪)

( ਵਲੋਂ—ਪ੍ਰੋ. ਹਰਭਜਨ ਸਿੰਘ ਜੀ ਸੰਪਾਦਕ ਗੁਰਮਤਿ ਪ੍ਰਕਾਸ਼ ਅੰਮ੍ਰਿਤਸਰ )

[ ਲੜੀ ਜੋੜਨ ਲਈ ਵੇਖੋ ਮਾਰਚ 1969 ਦਾ ਪਰਚਾ ]

(੧੧)

ਸ੍ਰੀ ਡੰਕਨ ਗ੍ਰੀਨਲੀਜ਼ ਆਪਣੀ ਪੁਸਤਕ The Gospal of the Guru Granth Sahib ਵਿਚ ਸਿਖ ਧਰਮ ਦੀ ਰੂਪ ਰੇਖਾ ਦਾ ਉਲੇਖ ਕਰਦੇ ਹੋਏ ਇਸ ਨੂੰ ਇਕ ਨਿਆਰਾ ਤੇ ਨਰੋਆ ਮੱਤ ਸਫ਼ਾ ੧੯੩ ਤੇ ਬਿਆਨਦੇ ਹਨ। ਵੇਖੋ ਇਸ ਵਿਦਵਾਨ ਦੇ ਨਿਮਨ ਲਿਖਤ ਵੀਚਾਰ ਜੋ ਜੋ ਇਸ ਸਬੰਧ ਵਿਚ ਕਿਸ ਪ੍ਰਕਾਰ ਦਾ ਸੰਸਾ ਬਾਕੀ ਨਹੀਂ ਰਹਿੰਦਾ। ਉਸ ਦਾ ਭਾਵਰਥ ਇਹ ਹੈ।

(੧) ਸਿਖ ਮਤ ਇਥੋਂ ਤਕ ਹੀ ਹਿੰਦੂ ਮਤ ਕਿਹਾ ਜਾ ਸਕਦਾ ਹੈ ਕਿ ਇਸ ਦਾ ਅਰੰਭ ਹਿੰਦੁਸਤਾਨ ਵਿਚ ਹੋਇਆ। ਵੈਸੇ ਤੀਜੇ ਸਤਿਗੁਰੂ ਦੇ ਸਮੇਂ ਤੋਂ ਹੀ ਹਿੰਦੂ ਇਸ ਨੂੰ ਆਪਣੇ ਮੱਤ ਨਾਲੋਂ ਭਿੰਨ ਗਿਣਦੇ ਸਨ ਅਤੇ ਇਸ ਤੋਂ ਕੁਝ ਸਮਾਂ ਬਾਅਦ ਫ਼ਾਨੀ(ਇਕ ਮੁਸਲਮ ਇਤਹਾਸਕਾਰ ਨੇ ਇਸ ਨੂੰ ਇਸਲਾਮ ਤੋਂ ਵੀ ਵਖਰੇ ਹੋਣ ਦਾ ਐਲਾਨ ਕੀਤਾ।

(੨) ਪ੍ਰਸ਼ਨ—ਕੋਈ ਸਿਖ ਕਿਵੇਂ ਬਨਦਾ ਹੈ?

ਉਤਰ—ਸਤਿਗੁਰੂ ਵਿਚ ਪੂਰਨ ਵਿਸ਼ਵਾਸ ਦਾ ਪ੍ਰਗਟਾਵਾ ਕਰਨ ਅਕਾਲ ਪੁਰਖ ਨੂੰ ਆਪਾ ਸਮਪਰਨ ਕਰਨ, ਖੰਡੇ ਦੀ ਪਾਹੁਲ ਛਕਣ ਪੂਰਨ ਪ੍ਰਤੀਤ ਨਾਲ ਪੰਜਾਂ ਕਕਾਰਾਂ ਤੇ ਰਹਿਤ ਨਾਮਿਆਂ ਵਿਚ ਦਸੀ ਰਹਿਤ ਧਾਰਨ ਕਰਨ ਨਾਲ।

(੩) ਪ੍ਰਸ਼ਨ—ਕੀ ਤੁਸੀਂ ਥੋੜੇ ਸ਼ਬਦਾਂ ਵਿਚ ਸਿਖ ਮਤ ਨੂੰ ਬਿਆਨ ਕਰ ਸਕਦੇ ਹੋ ?

ਉਤਰ—ਹਾਂ ਇਹ ਸਤਿਗੁਰੂ ਕੀ ਅਗਵਾਈ ਹੇਠ ਸੰਸਾਰ ਨੂੰ ਉੱਚਾ ਚੁਕਣ ਲਈ ਇਕ ਅਮਲੀ ਯਤਨ ਹੈ ਤਾਂ ਜੋ ਸਭ ਨੂੰ ਅਕਾਲ ਪੁਰਖ ਦੀ ਪ੍ਰਾਪਤੀ ਹੋ ਸਕੇ। ਇਹ ਮਨੁਖੀ ਸਮਾਨਤਾ ਉਤੇ ਜ਼ੋਰ ਦੇਂਦਾ ਹੈ ਅਤੇ ਜ਼ਾਤ ਪਾਤ ਨਸਲੀ ਤਅੱਸਬ, ਮੂਰਤੀ-ਪੂਜਾ ਪਾਖੰਡ ਕਰਮ-ਕਾਂਡ ਦਾ ਖੰਡਨ ਕਰਦਾ ਅਤੇ ਪ੍ਰਭੂ ਪਿਆਰ ਲਈ ਅੰਦਰੋਂ ਸੱਚੇ ਸੁਚੇ ਹੋਣ ਉਤੇ ਜ਼ੋਰ ਦੇਂਦਾ ਹੈ।

(੧੨)

ਸ੍ਰੀ ਦਸਮੇਸ਼ ਪਿਤਾ ਨੇ ਜਦ ਸੰਮਤ ੧੭੫੬ ਦੀ ਸੁਭ ਵਿਸਾਖੀ ਉਤੇ ਸਿਖਾਂ ਨੂੰ ਇਕੋ ਬਾਟੇ ਖੰਡੇ ਦੀ ਪਾਹੁਲ ਪਾਣ ਕਰਾਕੇ ਸਭ ਨੂੰ ਇਕ ਵਰਣ ਵਾਲੇ ਖੰਡਾ ਕੁਲ ਛਤਰੀ ਬਣਾ ਦਿਤਾ ਤਾਂ ਉਸ ਸਮੇਂ ਜੋ ਰੀਪੋਰਟਰ ਨੇ ਰੀਪੋਰਟ ਭੇਜੀ, ਉਹ ਮੁਨਸ਼ੀ ਗੁਲਾਮ ਮਹੱਯੁਦੀਨ ਅਨੁਸਾਰ ਇਸ ਪ੍ਰਕਾਰ ਹੈ।

"ਹਮਾ ਦਰ ਯਕ ਮਜ਼ਹਬ ਆਯੰਦ ਕਿ ਦੂਈ ਅਜ਼ ਮਿਆਂ ਬਰਖਜ਼ਦ, ਵ ਹਰ ਚਹਾਰ ਵਰਨ ਕੌਮ ਹਨੂਦ ਅਜ਼ ਬ੍ਰਹਮਨ ਵ ਛੱਤਰੀ ਵ ਸੂਦਰ ਵ ਵੈਸ਼ ਕਿ ਹਰ ਯੱਕ ਰਾ ਦਰ ਧਰਮ ਸ਼ਾਸਤਰ ਦੀਨ ਅਲਹਿਦਾ ਮੁਕ਼ੱਰਰ ਅਸਤ, ਆਂ ਰਾ ਤਰਕ ਦਾਦਹ ਵ ਬਰ ਯੱਕ ਤਰੀਕ਼ ਸਲੂਕ ਨੁਮਾਇੰਦਾ। ਵ ਹਮਾ ਬਰਾਦਰ ਅੰਦ ਵ ਪਾਹੁਲੇ ਮਨ ਗ੍ਰਿਫਤਹ ਮਰਦਾਨਿ ਹਰ ਚਹਾਰ ਵਰਨ ਕਰ ਯਕ ਜ਼ੁਰਫ ਬਿ-ਖ਼ੁਰੰਦ।

(ਭਾਵ-ਸਾਰੇ (ਇਸ ਦੇਸ ਦੇ ਵਸਨੀਕ) ਇਕ ਧਰਮ ਵਾਲੇ ਹੋ ਜਾਣ ਤੇ ਦੁਜਾਇਗੀ ਦਿਲੋਂ ਕਢ ਦੇਣਾ ਚਾਰੇ ਵਰਣ ਆਪਣੇ ਵਿਤਕਰੇ ਮਿਟਾਕੇ ਇਕ ਮਰਯਾਦਾ ਧਾਰਨ ਕਰਨ। ਮੇਰੀ ਅੰਮ੍ਰਿਤ ਦੀ ਪਾਹੁਲ ਇਕੋ ਬਰਤਨ ਵਿਚ ਇਕਠੇ ਖਾਣ।)

(੧੩)

ਪ੍ਰਿੰਸੀਪਲ ਗੰਗਾ ਸਿੰਘ ਜੀ ਫਿਲਾਸਫਰ ਅਪਣੀ ਪੁਸਤਕ ਪੂਰਨ ਮਨੁਖ, (ਖਾਲਸਾ) ਦੇ ਪੰਨਾਂ ੧੭ ਉਤੇ ਵਹਣ ਆਸ਼ਰਮ ਦੀਆਂ ਬੁਰਾਈਆਂ ਆਦਿ ਦਾ ਵਰਨਣ ਕਰਦੇ ਲਿਖਦੇ ਹਨ:—

"ਜਿਥੇ ਨਿਰਾਸ਼ਵਾਦ ਦੇ ਕਾਰਨ ਚੰਗੇ ਮਨੁੱਖਾਂ ਦੇ ਸਨਿਆਸ ਲੈ ਜੰਗਲਾਂ ਨੂੰ ਚਲੇ ਜਾਣ ਕਰਕੇ ਸਮਾਜ ਪਹਿਲਾਂ ਹੀ ਰਸ ਨਿਕਲੀਆਂ ਪੱਛੀਆਂ ਵਾਂਗ ਫਿਕਾ ਪੈ ਰਿਹਾ ਸੀ, ਓਥੇ ਵਰਣ ਆਸ਼ਰਮ ਦੀਆਂ ਵੰਡਾਂ ਤੇ ਜ਼ਾਤ ਪਾਤ ਦਿਆਂ ਝਮੇਲਿਆਂ ਨੇ ਜੀਵਨ ਹੋਰ ਵੀ ਤਲਖ ਕਰ ਦਿਤਾ ਸੀ। ਸੰਤਾਂ (ਭਗਤਾਂ) ਨੇ ਇਹਨਾਂ ਖਰਾਬੀਆਂ ਦੇ ਖਿਲਾਫ ਅਵਾਜ਼ ਉਠਾਈ, ਉਨ੍ਹਾਂ ਨੇ ਬ੍ਰਾਹਮਣ ਨੂੰ ਵੰਗਾਰ ਕੇ ਆਖਿਆ:—'ਮਨੁਖ ਜਾਤੀ ਦੀ ਜਨਮ ਤੋਂ ਜ਼ਾਤ ਵਿਅਰਥ ਹੈ-ਬ੍ਰਾਹਮਣ ਤੇ ਸ਼ੂਦਰ ਦੇ ਵਿਤਕਰੇ ਵਾਧੂ ਹਨ, ਜੇ ਇਹਨਾਂ ਦੀ ਕੋਈ ਅਸਲੀਅਤ ਹੁੰਦੀ ਤਾਂ ਸਾਰਿਆਂ ਮਨੁਖਾਂ ਦੀਆਂ ਰਗਾਂ ਵਿਚ ਇਕੋ ਜਿਹਾ ਖੂਨ ਨ ਹੁੰਦਾ। ਸਗੋਂ ਕਿਧਰੇ ਦੁਧ ਹੁੰਦਾ ਤੇ ਕਿਧਰੇ ਲਹੂ। ਗਲ ਕੀ ਭਗਤਾਂ ਨੇ ਬ੍ਰਾਹਮਣ ਦੇ ਪੁਰਾਣੇ ਨਿਜ਼ਾਮ ਦੇ ਖਿਲਾਫ ਅਵਾਜ਼ ਉਠਾਈ ਤੇ ਨਵੇਂ ਨਿਜ਼ਾਮ (ਗੁਰਮਤਿ) ਦੀ ਉਡੀਕ ਕਰਨ ਲਗੇ।'

(੧੪)

ਪ੍ਰੋਫੈਸਰ ਕਰਤਾਰ ਸਿੰਘ ਜੀ (Sikh Gurus and un touchability) ਨਾਮ ਦੇ ਟਰੈਕਟ ਦੇ ਸਫਾ ਸਤ ਉਤੇ ਲਿਖਦੇ ਹਨ ਜਿਸ ਦਾ ਭਾਵਰਥ ਇਸਤਰਾਂ ਹੈ:—

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਿਲ ਨੀਵਿਆਂ ਤੇ ਸਮਾਜ ਵਲੋਂ ਠੁਕਰਾਏ ਹੋਏ ਲੋਕਾਂ ਲਈ ਪਸੀਜਦਾ ਸੀ ਸਤਿਗੁਰਾਂ ਨੇ ਉਹਨਾਂ ਨੂੰ ਉਚੇ ਚੁਕਣ ਦਾ ਬੀੜਾ ਚੁਕਿਆ। ਉਨ੍ਹਾਂ ਆਪਣੇ ਨਾਲ ਇਕ ਮੁਸਲਿਮ ਤੇ ਇਕ ਹਿੰਦੂ (ਦੋਵੇਂ ਨੀਵੀਆਂ ਜ਼ਾਤਾਂ ਦੇ) ਨੂੰ ਆਪਣੇ ਸਾਥੀ ਬਣਾਇਆ ਅਤੇ ਉਹਨਾਂ ਨੂੰ ਭਾਈ ਕਰਕੇ ਪੁਕਾਰਿਆ ਤੇ ਇਸ ਤਰ੍ਹਾਂ ਆਪਣੀ ਸੰਗਤ ਦੀ ਨੀਂਹ ਰਖੀ। ਉਹਨਾਂ ਨੇ ਸਭ ਲੁਕਾਈ ਨੂੰ ਇਕ ਸਮਾਨ ਆਪਣਾ ਇਹ ਸੁਨੇਹਾ ਦਿਤਾ-'ਕਿਸੇ ਨਾਲ ਘਿਰਨਾ ਨਾ ਕਰੋ, ਵਾਹਿਗੁਰੂ ਸਭ ਵਿਚ ਵਸਦਾ ਹੈ।ਸਾਰਿਆਂ 'ਚ ਉਸ ਦੀ ਅਮਰਜੋਤ ਹੈ। ਸਾਰੇ ਇਕ ਸਮਾਨ ਵਾਹਿਗੁਰੂ ਦੇ ਬੱਚੇ ਹਨ। ਇਸ ਜਾਂ ਉਸ ਘਰਾਨੇ ਵਿਚ ਜਨਮ ਲੈਣ ਨਾਲ ਨਾ ਕੋਈ ਉਚਾ ਹੁੰਦਾ ਹੈ ਨਾ ਨੀਵਾਂ। ਕਿਸੇ ਦੇ ਮੰਦੇ ਜਾਂ ਚੰਗੇ ਕਰਮ ਹੀ ਉਸ ਨੂੰ ਉਚਾ ਜਾਂ ਨੀਵਾਂ ਦਰਜਾ ਦੇਂਦੇ ਹਨ। ਇਕ ਉਚੀ ਜਾਤ ਵਾਲੇ ਮੰਦ ਕਰਮੀ ਨਾਲੋਂ, ਇਕ ਅਖੌਤੀ, ਨੀਵੀਂ ਜਾਤ ਵਾਲਾ ਸ਼ੁਭ ਕਰਮੀ ਪ੍ਰਭੂ ਨੂੰ ਕਿਤੇ ਵਧ ਪਿਆਰਾ ਹੈ। ਦੁਨੀਆਂ ਵਿਚ ਚੰਗੇ ਕੀਤੇ ਕੰਮ ਹੀ ਦਰਗਾਹ ਵਿਚ ਪ੍ਰਭੂ ਨਾਲ ਸਮੀਪਤਾ ਦਾ ਕਾਰਣ ਬਣਦੇ ਹਨ ਜ਼ਾਤ ਜਨਮ ਦਾ ਅਭਿਮਾਨ ਤਿਆਗਣਾ ਹੋਵੇਗਾ।

ਇਸ ਤਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਬੀ ਸੰਗਤਾਂ ਤੇ ਸਾਂਝ ਦੀ ਨੀਂਹ ਰਖੀ ਜਿਸ ਵਿਚ ਪ੍ਰਾਣੀ ਮਾਤਰ ਦਾ ਸਮਾਨ ਦਰਜਾ ਹੈ।

(੧੫)

ਸ: ਅਜੀਤ ਸਿੰਘ ਜੀ "ਗੁਰਮਤਿ ਪ੍ਰਕਾਸ਼" ਪੰਨਾਂ ੫੫ (ਅਗਸਤ ੧੯੬੮) ਉਤੇ ਛਪੇ ਇਕ ਖੋਜ ਭਰਪੂਰ ਲੇਖ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ" ਵਿਚ ਲਿਖਦੇ ਹਨ:— ਸੰਨ ੧੬੦੪ ਵਿਚ ਗੁਰੂ ਅਰਜਨ ਦੇਵ ਜੀ ਦੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਤਿਆਰ ਕਰਵਾਈ ਅਤੇ ਅਜਿਹਾ ਕਰਕੇ ਉਹਨਾਂ ਨੇ ਗੁਰੂ ਘਰ ਦੇ ਸੇਵਕ ਨੂੰ ਸੁਤੰਤ੍ਰ ਧਾਰਮਕ ਜਮਾਤ ਦਾ ਰੂਪ ਪ੍ਰਦਾਨ ਕੀਤਾ


www.AKJ.Org

ਗਲੇ ਸੜੇ ਅਤੇ ਦੁਰਗੰਧ-ਭਰਪੂਰ ਹਿੰਦੂ ਸਮਾਜ ਦੀ ਭਸਮ ਚੋਂ ਗੁਰੂ ਸਾਹਿਬ ਨੇ ਜਿਸ ਨਵੇਂ ਫਿਰਕੇ ਨੂੰ ਸਾਜਿਆ, ਉਹ ਮੁਗਲ ਸਰਕਾਰ ਦੀਆਂ ਅੱਖਾਂ ਵਿੱਚ ਬੁਰੀ ਤਰਾਂ ਰੜਕਿਆ।"

ਰੋਜ਼ਨਾ ਕੌਮੀ ਦਰਦ ਦੇ ਸੰਪਾਦਕ ੨੫-੮-੬੮ ਦੇ ਵਿਚ ਆਪਣੇ ਮੁਖ ਲੇਖ 'ਇਤਿਹਾਸਕ ਪਛੋਕੜ ਦੀ ਰੋਸ਼ਨੀ ਚ' ਦੇ ਸਿਰਲੇਖ ਹੇਠ ਲਿਖਦੇ ਹਨ:—

ਕਈ ਵਾਰੀ ਚੰਗੀਆਂ ਸਭਾਵਾਂ ਵਿਚ ਇਹ ਸਵਾਲ ਉਠਦਾ ਹੈ ਕਿ ਕੀ ਸਿਖ ਧਰਮ ਹਿੰਦੂ ਧਰਮ ਦੀ ਸ਼ਾਖ ਹੈ ਜਾਂ ਵਖਰਾ ਧਰਮ ?....ਲੇਖ ਦੇ ਅੰਤ ਵਿਚ ਉਹ ਇਸ ਸਿਟੇ ਤੇ ਪੁਜਦੇ ਹਨ। ਸਿਖ ਧਰਮ ਵਖਰਾ ਹੈ ਬੇਲਾਗ ਸੰਤ ਸਿਪਾਹੀਆਂ ਦਾ ਧਰਮ ਨਿਸ਼ਕਾਮ ਸੇਵਾ ਦਾ ਧਰਮ......। ਸਿੰਘ ਕੀ ਹਨ ? ਗੁਰੂ ਸਾਹਿਬ ਨੇ ਸਿਖੀ ਮਿਸ਼ਨ ਦੇ ਪੈਰੋਕਾਰਾਂ ਦਾ ਕੋਈ ਚਿੰਨ ਰਖਣਾ ਚਾਹਿਆ। ਉਹਨਾਂ ਸੁਨਤ ਨਹੀਂ ਕੀਤੀ, ਕੰਨ ਨਹੀਂ ਪਾੜੇ, ਜਟਾਧਾਰੀ ਨਹੀਂ ਬਣਾਇਆ ਮੁੰਡ ਨਹੀਂ ਮੁੰਡਾਇਆ ਨਹੁੰ ਨਹੀਂ ਵਧਾਏ, ਸਗੋਂ ਇਨਸਾਨ ਜਿਸ ਤਰਾਂ ਪੈਦਾ ਹੋਇਆ, ਉਸ ਨੂੰ ਜਿਉਂ ਦਾ ਤਿਉਂ ਰਹਿਣ ਦੀ ਸਿਖਿਆ ਦਿਤੀ। ਕੁਦਰਤ ਬਖਸ਼ੇ ਰੋਮ ਅਤੇ ਉਹਨਾਂ ਦੀ ਰਖਿਆ ਅਤੇ ਕਾਇਆਂ ਨੂੰ ਸੋਧਣ ਦੇ ਪੰਜ ਅਸੂਲ ਬਣਾ ਦਿਤੇ, ਉਹ ਸਿੰਘ ਅਖਾਉਣ ਲਗੇ।

੧੬

ਗੁਰਮਤਿ ਪ੍ਰਕਾਸ਼ ਦੇ ਸਤੰਬਰ ੬੮ ਦੇ ਪਰਚੇ ਵਿਚ ਪੰਨਾਂ ਤਿੰਨ ਤੇ 'ਹਿੰਦੂ ਵੀਰਾਂ ਦੀ ਸੇਵਾ ਵਿਚ' ਦੇ ਸਿਰਲੇਖ ਹੇਠ ਅੰਕਿਤ ਹੈ:—

......। ਸੋ ਜੇ ਹਿੰਦੂ ਵੀਰ ਸਚੇ ਦਿਲੋਂ ਹਿੰਦੂਆਂ ਅਤੇ ਸਿਖਾਂ ਨੂੰ ਇਕ ਸਮਝਦੇ ਹਨ ਤਾਂ ਇਸ ਦਾ ਠੀਕ ਤਰੀਕਾ ਇਹ ਹੈ ਕਿ ਉਹ ਕਹਿਣ ਕਿ ਸਾਰੇ ਹਿੰਦੂ, ਸਿਖ ਹਨ। ਮੇਰਾ ਖਿਆਲ ਹੈ ਕਿ ਕੋਈ ਸਿਖ ਵੀ ਇਸ ਉਪਰ ਇਤਰਾਜ਼ ਨਹੀਂ, ਕਰੇਗਾ। ਨਾ ਚਿੜੇਗਾ।......ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂ ਦਾ ਅੰਤਮ ਰੂਪ ਖਾਲਸੇ ਦੇ ਰੂਪ ਵਿਚ ਪਲਟ ਦਿਤਾ ਇਸਤਰਾਂ ਹਿੰਦੂ ਦਾ ਅੰਤਮ ਰੂਪ ਸਿੰਘ ਹੈ ਕਿਉਂਕਿ ਇਹ ਹਿੰਦੂ ਗੁਰੂ ਗੋਬਿੰਦ ਸਿੰਘ ਨੇ ਦਿਤਾ ਹੈ। ਸਾਰੇ ਹਿੰਦੂਆਂ ਨੂੰ ਆਪਣੇ ਗੁਰੂ ਦਾ ਕੌਲ ਮੰਨਣਾ ਚਾਹੀਦਾ ਹੈ ਤੇ ਅੰਮ੍ਰਿਤ ਛਕ ਕੇ ਸਿੰਘ ਸਜ ਜਾਣਾ ਚਾਹੀਦਾ ਹੈ। ਫਿਰ ਫਰਕ ਵੀ ਕੀ ਹੈ, ਹਿੰਦੂ ਸਿਖ ਹਨ। ਇਸ ਸਾਰੇ ਲੇਖ ਦਾ ਸਾਰ ਅੰਤ ਵਿਚ ਇਉਂ ਬਿਆਨ ਕੀਤਾ ਗਿਆ ਹੈ:—

ਇਸ ਲਈ ਸਿਖਾਂ ਨੂੰ ਸਿਖ ਰਹਿਣ ਦਿਉ ਅਤੇ ਹਿੰਦੂਆਂ ਨੂੰ ਹਿੰਦੂ ਰਹਿਣ ਦਿਉ ਨਾ ਸਾਰੇ ਹਿੰਦੂਆਂ ਤੋਂ ਸਿਖ ਬਣਿਆਂ ਜਾਣਾ ਹੈ ਅਤੇ ਗੁਰਦਵਾਰਿਆਂ ਤੋਂ ਬਿਨਾਂ ਏਡੀ ਵਡੀ ਸਿਖ ਸੰਗਤ ਨੂੰ ਬੈਠਨ ਲਈ ਨਿਕੇ, ਭੀੜੇ ਇਕ ਦਰਵਾਜ਼ੇ ਵਾਲੇ ਮੰਦਰਾਂ ਵਿਚ ਥਾਂ ਨਹੀਂ ਮਿਲਨਾ।

'ਸਿਖ ਦਾ ਰੂਪ ਹੈ ਇਕ ਪਾਸੇ ਮੁਸਲਮਾਨ ਨੂੰ ਗਲ ਨਾਲ ਲਾਣਾ, ਦੂਜੇ ਪਾਸੇ ਹਿੰਦੂ ਨੂੰ।'

(੧੭)

'ਆਤਮ ਸਾਇੰਸ ਟਰਸਟ ਵਲੋਂ ਡਗਸ਼ਈ ਵਿਖੇ ੨੧-੨੨ ਸਤੰਬਰ ੧੯੬੮ ਨੂੰ ਸਿਖ ਨਿਸਚਿਆਂ ਦੇ ਅਖਬਾਰਾਂ, ਰਸਾਲਿਆਂ ਦੇ ਸੰਪਾਦਕਾਂ ਦੇ ਸਦੇ ਸਮੇਲਨ ਵਿਖੇ ਪ੍ਰਵਾਨ ਹੋਏ ਮਤੇ ਦੀ ਨਕਲ :—

੪—(ੳ) ਇਹ ਸਮੇਲਨ ਅਨਭਵ ਕਰਦਾ ਹੈ ਕਿ ਸਿੱਖ ਧਰਮ ਤੇ ਸਿੱਖ ਸਮਾਜ, ਜਿਸ ਦੀ ਬੁਨਿਆਦ ਜ਼ਾਤ ਪਾਤ ਤੇ ਛੂਤ ਛਾਤ ਤੋਂ ਨਾ ਸਿਰਫ ਉਚੀ ਹੀ ਹੈ ਬਲਕਿ ਇਹਨਾਂ ਬੀਮਾਰੀਆਂ ਨੂੰ ਖਤਮ ਕਰਨ ਲਈ ਰਖੀ ਗਈ ਸੀ, ਅਜ ਦਾ ਸਿੱਖ ਸਮਾਜ ਇਸ ਅਸੂਲ ਨੂੰ ਭੁਲਕੇ ਫਿਰ ਉਹਨਾਂ ਹੀ ਬੀਮਾਰੀਆਂ ਦਾ ਸ਼ਿਕਾਰ ਹੋ ਰਹਿਆ ਹੈ। ਇਹ ਸਮੇਲਨ ਸਮੂੰਹ ਸਿਖ ਸੰਸਥਾਵਾਂ ਪੰਥਕ ਵਿਅਕਤੀਆਂ, ਸਿਖ ਪਰਚਾਰਕਾਂ ਤੇ ਪੱਤਰਕਾਰਾਂ ਦਾ ਧਿਆਨ ਪੰਥ ਨੂੰ ਘੁਨ ਵਾਂਗ ਖਾ ਰਹੇ ਰੋਗ ਵਲ ਦਿਵਾ ਕੇ ਸੁਝਾਉ ਦੇਂਦਾ ਹੈ ਕਿਸੇ ਵੀ ਚੋਣ *


www.AKJ.Org




# ਜਥੇ ਦੇ ਸਿੰਘਾਂ ਨੂੰ ਸੰਦੇਸ਼

ਅਪਰੈਲ ਦੇ 'ਸੂਰਾ' ਪੱਤਰ ਵਿਚ ਸੰਪਾਦਕ ਸੂਰਾ ਵਲੋਂ ਬੜੇ ਜ਼ੋਰ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਮਨਾਉਣ ਦਾ ਜ਼ਿਕਰ ਆਇਆ ਕਿਉ ਕਿ ਐਤਕੀ ਤਾਂ ਗੁਰੂ ਜੀ ਦਾ ਪ੍ਰਕਾਸ਼ ਉਤਸ਼ਵ ਭਾਰਤ ਛਡ ਬਾਹਰਲ ਦੇਸ਼ਾਂ ਵਿਚ ਭੀ ਬੜੀ ਧੂੰਮ ਧਾਮ ਨਾਲ ਮਨਾਇਆ ਜਾ ਰਿਹਾ ਹੈ ਕਿਉ ਨਾ ਮਨਾਉਣ ! ਗੁਰੂ ਜੀ ਦਾ ਉਪਦੇਸ਼ ਭੀ ਸਾਰਿਆਂ ਲਈ ਸਾਂਝਾ ਸੀ ਉਨ੍ਹਾਂ ਨੇ ਭਾਰਤ ਤੋਂ ਬਾਹਰ ਜਾ ਕੇ ਭੀ ਏਹੀ ਕਿਹਾ ਕਿ ਉਹ ਭੁਲੇ ਲੋਕੋ ਕਿਉਂ ਜ਼ਾਤ ਪਾਤ ਦੇ ਵਿਤਕਰਿਆਂ ਵਿਚ ਵੰਡੇ ਫਿਰਦੇ ਹੋ ਕਿਓ ਧਰਮਾਂ ਕਰਮਾਂ ਦੇ ਗੇੜਾਂ ਵਿਚ ਪਏ ਫਿਰਦੇ ਹੋ। ਅਕਾਲ ਪੁਰਖ ਇਕ ਹੈ ਅਸੀਂ ਸਾਰੇ ਉਸ ਦੇ ਪੈਦਾ ਕੀਤੇ ਹੋਏ ਹਾਂ ਫੇਰ ਅਸੀਂ ਇਕ ਦੂਜੇ ਨੂੰ ਨੀਵਾਂ ਉਚਾ ਕਿਉਂ ਸਮਝਦੇ ਹਾਂ ਜਦੋਂ ਕਿ ਹਰ ਇਕ ਜੀਵ ਵਿਚ ਉਸ ਪ੍ਰਮਾਤਮਾਂ ਦਾ ਵਾਸਾ ਹੈ ਉਹ ਚੋਰਾਂ ਵਿਚ ਭੀ ਹੈ, ਉਹ ਠਗਾਂ ਵਿਚ ਭੀ ਹੈ, ਉਹ ਡਾਕੂਆਂ ਵਿਚ ਭੀ ਹੈ, ਉਹ ਗਰੀਬਾਂ ਵਿਚ ਭੀ ਹੈ, ਅਤੇ ਅਮੀਰਾਂ ਵਿਚ ਭੀ ਹੈ ਪਰ ਪਤਾ ਉਦੋਂ ਲਗਦਾ ਹੈ ਜਦੋਂ ਉਸ ਨੂੰ ਇਸ ਕਿਸਮ ਦੀ ਸੰਗਤ ਲਭੇ ਜਿਸ ਵਿਚੋਂ ਉਸ ਦੇ ਨਾਮ ਦੀਆਂ ਕੂਕਾਂ ਆਉਣ ਪਰ ਇਹ ਸੰਗਤ ਗੁਰੂ ਦੀ ਕ੍ਰਿਪਾ ਦੇ ਬਗੈਰ ਲਭਦੀ ਹੀ ਨਹੀਂ ਕਿਤੇ ਇਹ ਦਾਤ ਪ੍ਰਾਪਤ ਹੁੰਦੀ ਹੈ ਕਈ ਲੋਕ ਐਵੇਂ ਆਪਣੇ ਕਰਮਾਂ ਨੂੰ ਹੀ ਝੁਰਦੇ ਰਹਿੰਦੇ ਹਨ ਕਿ ਜੀ ਸਾਡੇ ਕਰਮਾਂ ਵਿਚ ਹੀ ਇਹ ਦਾਤ ਨਹੀਂ ਹੈ ਪਰ ਗੁਰੂ ਜੀ ਨੇ ਤਾਂ ਸਾਫ ਕਿਹਾ ਹੈ ਕਿ:—'ਜਿਉ ਅੰਧੇਰੈ ਦੀਪਕ ਬਲੀਐ ਤਿਉ ਗੁਰ ਗਿਆਨ ਅਗਿਆਨ ਤਜਾਇ।' ਅਤੇ 'ਮਿਲਦਿਆ ਢਿਲ ਨ ਹੋਵਈ ਜੇ ਨੀਅਤ ਰਾਸ ਕਰੇ' ਜਿਸ ਤਰ੍ਹਾਂ ਧੰਨੇ ਨੂੰ ਮਿਲ ਪਿਆ ਸੀ ਪਰ ਜਦੋਂ ਇਹ ਵਸਤੂ ਹਾਸਲ ਹੋ ਜਾਵੇ ਤਾਂ ਵਸਤੂ ਲੈਣ ਲਗਿਆਂ ਜੋ ਵਹਿਦੇ ਕੀਤੇ ਹੁੰਦੇ ਹਨ ਉਹਨਾਂ ਤੇ ਚਲਣਾ ਭੀ ਅਵੱਸ਼ ਜ਼ਰੂਰੀ ਹੁੰਦਾ ਹੈ।

ਸੋ ਸਿਖ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚ ਆਵੈ।
ਆਪਣੇ ਭਾਣੈ ਜੋ ਚਲੈ ਭਾਈ
ਵਿਛੁੜਿ ਚੋਟਾ ਖਾਵੈ।

ਜੇ ਫੇਰੀ ਭੀ ਆਪਣੇ ਹੀ ਮਨ ਦੀ ਮਰਜ਼ੀ ਨਾਲ ਹੀ

*ਵੇਲ ਜ਼ਾਤ ਪਾਤ ਤੇ ਛੂਤ ਛਾਤ ਦਾ ਵਿਤਕਰਾ ਨ ਰਖਿਆ ਜਾਇਆ ਕਰ ਅਤੇ ਜਿਥੋਂ ਤਕ ਹੋ ਸਕੇ ਕਿਸੇ ਵਿਅਕਤੀ ਦੇ ਨਾਮ ਨਾਲ ਉਸਦੀ ਜ਼ਾਤ ਗੋਤ ਦੇ ਨਾਮ ਕੀ ਭਰਤੋਂ ਨਾ ਕੀਤੀ ਜਾਇਆ ਕਰੇ।

(ਅ) ਭਾਰਤ ਸਰਕਾਰ ਜਿਸ ਦਾ ਕਿ ਧਰਮ ਨਿਰਪੱਖ ਤੇ ਜ਼ਾਤ ਪਾਤ ਰਹਿਤ ਸ਼ਮਾਜ ਸਥਾਪਤ ਕਰਨਾ ਵਿਧਾਨਕ ਆਦਰਸ਼ ਹੈ ਪਾਸ ਵੀ ਬੇਨਤੀ ਕੀਤੀ ਜਾਵੇ ਕਿ ਉਹ ਸਰਕਾਰੀ ਕਾਗਜ਼ਾਂ ਅਦਾਲਤਾਂ, ਸੰਸਥਾਵਾਂ, ਰੇਡੀਉ ਬਰਾਡ ਕਾਸਟਾਂ ਆਦਿ ਕਿਸੇ ਥਾਂ ਵੀ ਕਿਸੇ ਵਿਅਕਤੀ ਦੇ ਨਾਮ ਨਾਲ ਜ਼ਾਤ ਗੋਤ ਦੀ ਵਰਤੋਂ ਕਰਨੀ ਸਖਤੀ ਨਾਲ ਵਿਵਰਜਤ ਕਰਾਰ ਦੇਣ ਲਈ ਅਮਲੀ ਕਦਮ ਉਠਾਨੇ। (ਚਲਦਾ)


www.AKJ.Org

ਚਲਦਾ ਹੈ ਤਾਂ ਤੇ ਵਸਤੂ ਲੈਣ ਦਾ ਕੋਈ ਲਾਹ ਨਾ ਹੋਇਆ ਇਸ ਕਰਕੇ ਉਸ ਦੀ ਸਾਂਭ ਕਰਨੀ ਸਾਡਾ ਆਪਣਾ ਫਰਜ਼ ਬਣ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਵਰਗੇ ਸਿਖੀ ਦੇ ਬਾਨੀ ਇਸ ਭਾਰਤ ਦੀ ਧਰਤੀ ਵਿਚ ਆਏ ਜਿਨ੍ਹਾਂ ਨੇ ਸਾਰੀ ਦੁਨੀਆਂ ਦੇ ਦੋਨੋਂ ਕੋਨੇ ਵਿਚ ਜਾ ਕੇ ਸਚੇ ਮਾਰਗ ਦਾ ਢੰਡੋਰਾ ਦਿਤਾ ਕਿ ਐ ਭੁਲਿਓ ਲੋਕੋ ਸਹੀ ਮਾਰਗ ਪ੍ਰਮਾਤਮਾਂ ਨੂੰ ਮਿਲਨ ਦਾ ਇਹ ਹੈ ਅਤੇ ਇਸ ਮਨੁਖਾ ਜਨਮ ਵਿਚ ਹੀ ਇਸ ਨੂੰ ਪਾਇਆ ਜਾਂਦਾ ਹੈ ਹੋਰ ਜੂਨਾਂ ਵਿਚ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਗੁਰੂ ਜੀ ਫੁਰਮਾਨ ਕਰਦੇ ਹਨ।

ਦੁਲਭ ਜਨਮ ਪੁੰਨ ਫਲ ਪਾਇਓ
ਬਿਰਥਾ ਜਾਤ ਅਬਿਬੇਕੇ।
ਰਾਜੇ ਇੰਦ੍ਰ ਸਮਸਰ ਗ੍ਰਿਹ ਆਸਨ
ਬਿਨੁ ਹਰਿ ਭਗਤਿ ਕਹਹੁ ਕਿਹ ਲੇਖੇ॥

ਆਹਾ! ਕੈਸਾ ਸੁੰਦਰ ਦੀਖਿਆ ਪਈ ਬਚਨ ਹੈ:—ਕੈਸਾ ਅਮੋਲਕ ਮਨੁਖਾ ਜਨਮ ਹੈ ਜਿਸਦਾ ਮਿਲਨਾ ਅਤੀ ਦੁਰਲਭ ਹੈ, ਪ੍ਰੰਤੂ ਹਾਇ ਅਫਸੋਸ, ਕਿ ਬਿਬੇਕ ਹੀਨਤਾ (ਅਬਿਬੇਕ) ਕਰਕੇ ਬਿਰਥਾ ਹੀ ਚਲਿਆ ਜਾਂਦਾ ਹੈ। ਭਾਵੇਂ ਰਾਜੇ ਇੰਦ੍ਰ ਸਦਰਸ਼ ਪ੍ਰਾਨੀ ਦੇ ਗ੍ਰਿਹ ਵਿਖੇ ਰਾਜ ਸਿੰਘਾ-ਸਨ ਭੀ ਹੋਵੇ ਅਤੇ ਰਾਜ ਸਾਜ ਦਾ ਸਭ ਐਸ੍ਵਰਜ ਪ੍ਰਾਪਤ ਹੋਵੇ ਪ੍ਰੰਤੂ ਫੇਰ ਭੀ ਹਰਿ ਭਗਤ ਬਿਨਾਂ ਕਿਸੇ ਲੇਖੇ ਨਹੀਂ, ਅਰਥਾਤ ਮਾਇਆ ਦੇ ਵਡੇ ਵਡੇ ਅਡੰਬਰਾਂ ਵਿਖੇ ਰਚ ਪਚ ਕੇ ਜੋ ਪੁਰਖ ਹਰਿ ਭਗਤਿ ਰੂਪੀ ਕਿਰਤ ਕਮਾਈ ਕਰਨ ਦਾ ਬਿਬੇਕ ਨਹੀਂ ਧਾਰਦਾ, ਉਸ ਦੇ ਅਨੇਕਾਂ ਵਡਿ-ਗਰੰਬਾਰੀ ਅਤੇ ਐਸ਼ਵਰਜ ਅਡੰਬਰ ਕਿਸ ਲੇਖੇ ਹਨ? ਅਰਥਾਤ ਕਿਸੇ ਅਰਥ ਨਹੀਂ; ਬਿਰਥੇ ਹੀ ਹਨ। ਜੋ ਨਾਮ ਮਹਾਂ ਰਸ ਦੀ ਘਾਲ ਕਮਾਈ ਦਾ ਵਿਵੇਕ ਵੀਚਾਰ ਨਹੀਂ ਧਾਰਨ ਕਰਦੇ, ਜਿਸ ਮਹਾਂ ਰਸ ਦੀ ਕਮਾਈ ਕਰਨ ਕਰਕੇ ਦੂਜੇ ਸਾਰੇ ਬਿਖੇ ਰਸ ਵਿਸਰ ਜਾਂਦੇ ਹਨ, ਅਜੇਹੀਆਂ ਅੰਜਾਣਾਂ ਵਾਲੀਆਂ ਜਾਨਣੀਆਂ ਜਾਣ ਕੇ ਜੋ ਜਾਨਣੀਆਂ ਜਾਨਣ ਯੋਗ ਨਹੀਂ, ਅਸੀਂ ਬਉਰੇ ਹੋਏ ਫਿਰਦੇ ਹਾਂ ਅਤੇ ਨਾ ਸੋਚਣ ਯੋਗ ਸੋਚਾਂ ਸੋਚਦੇ ਹੋਏ ਅਸਾਡੇ ਦਿਨ ਅਜਾਈਂ ਲੰਘਦੇ ਚਲੇ ਜਾਂਦੇ ਹਨ। ਬਿਬੇਕ ਬੁਧਿ ਨਿਰਬਲ ਹੋਈ ਫਿਰਦੀ ਹੈ ਇਸ ਕਰਕੇ ਪਰਮਾਰਥ ਵਿਖੇ ਪ੍ਰਵੇਸ਼ ਨਹੀਂ ਹੋਇ ਆਂਵਦਾ ਅਰਥਾਤ ਅਸਾਨੂੰ ਪਰਮਾਰਥ ਦੀ ਲਾਗ ਹੀ ਨਹੀਂ ਲਗਦੀ, ਕਹਿੰਦੇ ਕੁਛ ਹਾਂ ਅਤੇ ਕਮਾਂਵਦੇ ਕੁਛ ਹਾਂ ਮਾਇਆ ਤੋਂ ਪਰੇ ਕੁਛ ਸਮਝ ਹੀ ਨਹੀਂ ਪੈਂਦੀ ਇਹ ਅਬਿਬੇਕ ਬੁਧੀ ਤਦ ਤਕ ਦੂਰ ਨਹੀਂ ਹੋ ਸਕਦੀ ਜਦ ਤੀਕ ਕਿ ਨਾਮ ਮਹਾਂਰਸ ਰੂਪੀ ਵਿਚਾਰ ਬਿਬੇਕ ਇਕ ਰਸ ਨਾ ਧਾਰਨ ਕੀਤਾ ਜਾਵੇ।

(ਗੁਰਮਤਿ ਬਿਬੇਕ)

ਗੁਰੂ ਨਾਨਕ ਦੇਵ ਜੀ ਇਸ ਘੋਰ ਕਲਿਜੁਗ ਤੇ ਨਾ ਆਉਂਦੇ ਤਾਂ ਇਸ ਭਾਰਤ ਭੂਮੀ ਵਿਚ ਗੁਰੂ ਡੰਮ ਦਾ ਰਸਤਾ ਹੋਰ ਭੀ ਜ਼ਿਆਦਾ ਪੈ ਜਾਂਦਾ ਕਿਉਂਕਿ ਹੁਣ ਤਾਂ ਗੁਰੂ ਬਾਬੇ ਦੀ ਸਿਖਿਆ ਤੋਂ ਸਾਨੂੰ ਸਾਰੀ ਸਮਝ ਆਉਂਦੀ ਹੈ ਉਨ੍ਹਾਂ ਨੂੰ ਪਤਾ ਨਹੀਂ ਲਗਦਾ ਜਿਨ੍ਹਾਂ ਨੇ ਗੁਰੂ ਡੰਮ ਦਾ ਰਸਤਾ ਫੜਿਆ ਹੋਇਆ ਹੈ ਕਿਉਂਕਿ ਉਹ ਤਾਂ ਖੂਹ ਦੇ ਡਡੂ ਵਾਲੀ ਗਲ ਹੈ ਉਹ ਹੈ ਭੀ ਸਚੇ ਹਨ। ਦਾਸ ਨੂੰ ਇਕ ਏਹੋ ਜਿਹਾ ਭੁਲਿਆ ਇਨਸਾਨ ਮਿਲਿਆ ਮੈਨੂੰ ਕਹਿਣ ਲਗਾ ਕਿ ਤੁਸੀਂ ਤਾਂ ਐਵੇਂ ਹੀ ਭੁਲੇ ਫਿਰਦੇ ਹੋ ਮੇਰੇ ਗੁਰੂ ਕੋਲ ਜਾਵੋ ਤੁਹਾਨੂੰ ਪਤਾ ਲਗੇਗਾ ਜੇ ਦੁਧ ਦੀ ਲੋੜ ਹੈ ਤਾਂ ਮੱਝ ਲਈ ਬੇਨਤੀ ਕਰੋ ਜੇ ਪੁਤ ਦੀ ਲੋੜ ਹੈ ਤਾਂ ਉਸ ਲਈ ਜੇ ਰੁਪਿਆ ਥੋੜਾ ਹੈ ਤਾਂ ਇਕ ਸ਼ਬਦ ਦੇਣਗੇ ਜਿਸਦੇ ਪੜ੍ਹਨ ਨਾਲ ਧੰਨ ਹੀ ਧੰਨ ਹੋ ਜਾਵੇਗਾ। ਮੇਰਾ ਬਚਾ ਇਕ ਵਾਰੀ ਬੀਮਾਰ ਹੋ ਗਿਆ ਤਾਂ ਮੈਂ ਗੁਰਾਂ ਪਾਸੋਂ ਇਕ ਧਾਗਾ ਕਰਵਾ ਕੇ ਪਵਾਇਆ ਉਹ ਝਟ ਪਟ ਹੀ ਅਰੋਗ ਹੋ ਗਿਆ। ਮੈਂ ਵਿਚੋਂ ਹੀ ਉਸ ਨੂੰ ਆਖਿਆ ਕਿ ਇਹ ਸਾਰੀਆਂ ਵਸਤਾਂ ਵਿਚੋਂ ਤਾਂ ਰਹਿਣ ਵਾਲੀ ਇਕ ਵੀ ਸੈ ਨਹੀਂ ਹੈ ਸਭ ਝੂਠੀਆਂ ਹਨ, ਅਖੀਰ ਉਸ ਨੇ ਕਿਹਾ ਕਿ


www.AKJ.Org

ਮੈਨੂੰ ਹੋਰ ਤਾਂ ਪਤਾ ਨਹੀਂ ਪਰ ਤੇਰੇ ਨਾਲੋਂ ਮੈਂ ਧਨ ਵਿਚ ਵਡਿਆਈ ਵਿਚ, ਬਲ ਵਿਚ; ਅਤੇ ਹੋਰ ਸਾਰੀ ਦੁਨੀਆਵੀ ਚੀਜ਼ਾਂ ਵਿਚ ਤਕੜਾ ਹਾਂ ਅਤੇ ਸੁਖੀ ਹਾਂ ਮੈਂ ਆਖਿਆ ਵਾਹਿਗੁਰੂ ਨਾਮ ਹੀ ਨਾਲ ਜਾਂਦਾ ਹੈ ਇਹ ਸਾਰੀਆਂ ਚੀਜ਼ਾਂ ਤਾਂ ਕੂੜ ਹਨ ਉਸ ਨੇ ਝੱਟ ਕਿਹਾ ਤੇ ਉਹ ਭੀ ਤਾਂ ਲਿਆ ਹੋਇਆ ਹੈ ਇਹ ਸੁਣਦੇ ਮੈਂ ਤਾਂ ਉਸ ਪਾਸੋਂ ਖਿਸਕਣ ਦੀ ਹੀ ਕੋਸ਼ਸ਼ ਕੀਤੀ ਇਤਨੀ ਬੁਧੀ ਹੁੰਦੀ ਹੈ ਗੁਰੂ ਡੰਮ ਦੇ ਸੇਵਕ ਦੀ ਉਸਨੂੰ ਤਾਂ ਪ੍ਰਮਾਰਥਕ ਦੇ ਰਸਤੇ ਦਾ ਪਤਾ ਹੀ ਨਹੀਂ ਹੁੰਦਾ।

ਹਾਂ ਭਾਈ ਸਾਹਿਬ ਦੀ ਕੁਰਬਾਨੀ ਦਾ ਸਦਕਾ ਉਨ੍ਹਾਂ ਦੀਆਂ ਰਚਨਾਵਾਂ ਦੀ ਕਮਾਈ ਦਾ ਸਦਕਾ ਇਸ ਜਥੇ ਦੇ ਸਾਰੇ ਸਿੰਘ ਤਿਆਰ ਬਰ ਤਿਆਰ ਹਨ ਅਤੇ ਸਾਰੀ ਗੁਰਮਤਿ ਦੀ ਸੂਝ-ਬੂਝ ਹੈ ਉਹ ਉਹ ਦਸਮੇਸ਼ ਪਿਤਾ ਦੇ ਪਾਏ ਪੂਰਨਿਆਂ ਉਤੇ ਕਾਫੀ ਚਲਣ ਦੀ ਕੋਸ਼ਸ਼ ਕਰਦੇ ਹਨ ਇਨ੍ਹਾਂ ਦੀ ਕੀਰਤਨ ਖੁਰਾਕ ਹੈ ਅਤੇ ਦੂਰ ਤੋਂ ਸਮਾਗਮਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਪਹੁੰਚਦੇ ਹਨ ਕੀਤਾ ਕੀ ਜਾਏ ਰਿਹਾ ਹੀ ਨਹੀਂ ਜਾਂਦਾ ਜੇ ਕਿਸੇ ਸਮਾਗਮ ਵਿਚ ਨਾ ਪੁਜਿਆ ਜਾਵੇ ਤਾਂ ਅੱਖਾਂ ਅਗੇ ਹੋ ਰਿਹਾ ਸਮਾਗਮ ਉਸੇ ਤਰਾਂ ਹੀ ਆ ਰਿਹਾ ਹੁੰਦਾ ਹੈ। ਵਾਹ ਕਲਗੀਧਰ ਪਿਤਾ। ਤੂੰ ਏਹੋ ਜਹੇ ਹੀਰੇ ਪੈਦਾ ਕੀਤੇ

ਲੇਖ ਨੂੰ ਜ਼ਿਆਦਾ ਲੰਮਾ ਨਾ ਕਰਦਾ ਹੋਇਆ ਫੇਰ ਅਪਣੇ ਅਸਲੀ ਨੁਕਤੇ ਤੇ ਪਹੁੰਚਦਾ ਹਾਂ ਜਿਥੇ ਭਾਈ ਸਾਹਿਬ ਨਾਮ ਰਸੀਏ ਸਨ। ਕੀਰਤਨ ਦੇ ਵਿਚ ਗੂੰਜਾਂ ਪਾਉਂਦੇ ਸਨ ਉਨ੍ਹਾਂ ਦਾ ਸਾਰੀ ਕੌਮ ਨਾਲ ਭੀ ਬਹੁਤ ਪਿਆਰ ਸੀ ਉਹ ਸਿਖ ਪੰਥ ਲਈ ਹਰ ਤਰੀਕੇ ਦੀ ਕੁਰਬਾਨੀ ਕਰਦੇ ਰਹੇ, ਪਤਾ ਨਹੀਂ ਜਾਂ ਤਾਂ ਅਸੀਂ ਹੁਣ ਬਹੁਤ ਜ਼ਿਆਦਾ ਆਪਣੇ ਕੰਮਾਂ ਕਾਰਾਂ ਵਿਚ ਰੁਝ ਗਏ ਹਾਂ ਪਰ ਸਾਨੂੰ ਜਿਥੇ ਕੰਮ ਜ਼ਰੂਰੀ ਹੈ ਉਥੇ ਸਿਖ ਕੌਮ ਲਈ ਕੁਰਬਾਨੀ ਦਾ ਜਜ਼ਬਾ ਭੀ ਜ਼ਰੂਰੀ ਹੈ। ਮੈਂ ਹੁਣੇ ਹੀ ਬਰਤਾਨੀਆਂ ਵਿਚ ਦਸਤਾਰੇ ਤੇ ਦਾੜੇ ਤੋਂ ਲਗੀ ਪਾਬੰਦੀ ਸੁਣੀ ਤਾਂ ਸਿਖ ਕੌਮ ਵਿਚ ਜੋਸ਼ ਠਾਠਾਂ ਮਾਰ ਉਠਿਆ ਅਤੇ ਸਾਰੇ ਭਾਰਤ ਦੀਆਂ ਸਿਖ ਸੁਸਾਇਟੀਆਂ ਨੇ ਆਪਣੇ ਨੁਮਾਇੰਦੇ ਦਿਲੀ ਭੇਜੇ ਜਿਨ੍ਹਾਂ ਦੇ ਉਦਮ ਦਾ ਸਦਕਾ ਬਰਤਾਨੀਆਂ ਸਰਕਾਰ ਨੇ ਇਹ ਪਾਬੰਦੀ ਤੁਰਤ ਖਤਮ ਕਰ ਦਿਤੀ ਪਰ ਅਫਸੋਸ ਇਸ ਗਲ ਦਾ ਹੈ ਕਿ ਭਾਈ ਸਾਹਿਬ ਦੇ ਜਥੇ ਦਾ ਕਿਤੇ ਜ਼ਿਕਰ ਨਹੀਂ ਆਇਆ।

ਦੂਜਾ ਜੋ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸ਼ਵ ਮਨਾਉਣ ਸਬੰਧੀ ਹੈ ਵਿਚਾਰ ਹੈ ਉਹ ਭੀ ਆਮ ਜਥਿਆਂ ਜਾਂ ਸੁਸਾਇਟੀਆਂ ਨਾਲੋਂ ਘਟ ਉਤਸ਼ਾਹ ਹੈ ਇਸ ਕਰਕੇ ਅਸੀਂ ਸਾਰੇ ਕੰਮਾਂ ਨੂੰ ਛਡਦੇ ਹੋਏ ਇਹੋ ਜਿਹੇ ਸ਼ੁਭ ਕੰਮਾਂ ਲਈ ਆਪਣੇ ਦੇਸ ਵਿਚ ਸਭ ਤੋਂ ਅਗੇ ਹੋਈਏ ਜਿਸ ਤਰ੍ਹਾਂ ਭਾਈ ਸਾਹਿਬ ਜੀ ਦੇ ਪੂਰਨੇ ਪਾਏ ਹਨ। ਅਸੀਂ ਕੰਮ ਕਾਰ ਕਰਦਿਆਂ ਹੋਇਆਂ ਭੀ ਉਨ੍ਹਾਂ ਦੇ ਹਰ ਤਰੀਕੇ ਨਾਲ ਪੂਰਨਿਆਂ ਤੇ ਚਲੀਏ ਅਤੇ ਇਸ ਕੌਮ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਨੂੰ ਤਿਆਰ ਰਹੀਏ ਜਿਸ ਤਰ੍ਹਾਂ ਅਜ ਕਲ ਪੱਤਤਪੁਣਾ ਵਧ ਗਿਆ ਹੈ ਹਰ ਇਕ ਸਿਖ ਨੌਜਵਾਨ ਨੂੰ ਦਾੜੀ ਕਟਣ ਦੀ ਭੈੜੀ ਬੀਮਾਰੀ ਲਗ ਚੁਕੀ ਹੈ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਐਸਾ ਹੰਭਲਾ ਮਾਰੀਏ. ਐਸਾ ਜ਼ੋਰ ਪਾਈਏ ਕਿ ਭਾਰਤ ਸਰਕਾਰ ਨੂੰ ਕੋਈ ਐਸਾ ਕਾਨੂੰਨ ਬਣਾਉਣਾ ਪਵੇ ਜੋ ਸਿਖ ਬਚੇ ਦਾੜ੍ਹੀ ਨਾ ਕਟਾਉਣ। ਪੰਜਾਬ ਵਿਚ ਤਾਂ ਇਸ ਵਕਤ ਪਹਿਲੀ ਪੁਜ਼ੀਸ਼ਨ ਸਿਖਾਂ ਦੀ ਹੈ ਪਰ ਏਥੇ ਭੀ ਇਹ ਬੀਮਾਰੀ ਦਿਨ-ਬਦਿਨ ਵਧਦੀ ਹੀ ਜਾਂਦੀ ਹੈ। ਘਟੋ ਘਟ ਹੋਰ ਕੁਝ ਨਹੀਂ ਤਾਂ ਉਹ ਆਪਣੀ ਨਿਸ਼ਾਨੀ ਤਾਂ ਕਾਇਮ ਰਖਣ, ਨਹੀਂ ਤਾਂ ਅਧ-ਮੁੰਨੇ ਹੋ ਕੇ ਸਿਖ ਕੌਮ ਨੂੰ ਬਦਨਾਮ ਤਾਂ ਨਾ ਕਰਨ, ਅਜ ਕਲ੍ਹ ਲੋਕ ਰਾਜ ਹੈ ਅਸੀਂ ਆਪਣੀਆਂ ਦਿਲ ਦੀਆਂ ਭਾਵਨਾਵਾਂ ਸਰਕਾਰ ਅਗੇ ਰਖ ਸਕਦੇ ਹਾਂ, ਜਿਸ ਸਿਖੀ ਦਾ ਬੂਟਾ ਅਜ ਤੋਂ ਪੰਜ ਸੌ ਸਾਲ ਪਹਿਲਾਂ ਗੁਰੂ ਬਾਬੇ ਨੇ ਲਗਾਇਆ ਸੀ ਅਤੇ


www.AKJ.org

!ਸਮੇਸ਼ ਪਿਤਾ ਤਕ ਉਸਨੂੰ ਪਾਲਿਆ ਗਿਆ ਅਤੇ ਉਨ੍ਹਾਂ ਤੋਂ ਬਾਦ ਭੀ ਕਈਆਂ ਜਰਵਾਣਿਆਂ ਨੇ ਇਸਨੂੰ :ਟਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਸ਼ਹੀਦਾਂ ਨੇ ਆਪਣੇ ਖ਼ੂਨ ਨਾਲ ਇਸ ਨੂੰ ਸਿੰਜ ਕੇ ਸਗੋਂ ਹੋਰ ।ਜ਼ਬੂਤ ਕੀਤਾ ।

ਇਸ ਕਰਕੇ ਅਸੀਂ ਕੌਮ ਦੀ ਚੜ੍ਹਦੀ ਕਲਾ ਵਲ ਹਰ ਵਕਤ ਖਿਆਲ ਕਰਨਾ ਹੈ, ਗੁਰੂ ਨਾਨਕ ਤ਼ਸਮੇਸ਼ ਸਾਡੇ ਹਰ ਵਕਤ ਅੰਗ ਸੰਗ ਹਨ ।

ਦਾਸ—ਮਨਮੋਹਨ ਸਿੰਘ ਬੁਤਾਲਾ

# ਗੁਰਮਤ ਪਰਚਾਰ ਦਾ ਸਭ ਤੋਂ ਉਚਾ ਅਤੇ ਨਿਰਾਲਾ ਢੰਗ

ਸਿੰਘਾਂ ਦੇ ਦਰਸ਼ਨ, ਉਨ੍ਹਾਂ ਦੀ ਚਰਨ ਛੁਹ ਅਤੇ ਸੇਵਾ ਭਾਵ, ਉਨ੍ਹਾਂ ਦੀ ਰਹਿਣੀ ਬਹਿਣੀ ਅਤੇ ਕ਼ਹਿਣੀ ਦੇਖਕੇ ਜੋ ਲਾਭ ਪ੍ਰਾਪਤ ਹੁੰਦਾ ਹੈ ਉਹ ਉਹੀ ਸਜਣ ਜਾਣ ਸਕਦੇ ਹਨ ਜੋ ਹਰ ਸਮਾਗਮ ਵਿਚ ਹਾਜ਼ਰੀ ਭਰਦੇ ਹਨ ।

ਦਾਸ ਨੂੰ ਇਕ ਵਾਰੀ ਗੁਰਮੁਖ ਪਿਆਰੇ ਵੀਰ ਪ੍ਰੋਫੈਸਰ ਗੁਰਮੁਖ ਸਿੰਘ ਜੀ ਜਿਨ੍ਹਾਂ ਦਾ ਲੇਖ ਹਮੇਸ਼ਾ 'ਸੂਰਾ' ਵੇਚ ਨਿਕਲਦਾ ਹੈ, ਉਨ੍ਹਾਂ ਨਾਲ ਜੈਪੁਰ ਦੇ ਸਮਾਗਮ ਤੋਂ ਵਾਪਸ ਦਿੱਲੀ ਨੂੰ ਆਉਂਦਿਆਂ ਗੱਡੀ ਵਿਚ ਵੇਚਾਰ ਵਟਾਂਦਰੇ ਤੋਂ ਪਤਾ ਲਗਾ ਕਿ ਉਨ੍ਹਾਂ ਨੇ ਪਟਿਆਲੇ ਵਿਚ ਛੋਟਿਆਂ ਬਚਿਆਂ ਨੂੰ ਗੁਰਬਾਣੀ ਨਾਲ ਜੋੜਨ ਵਾਸਤੇ ਸੋਦਰ ਦਾ ਪਾਠ ਰਲਕੇ ਕਰਿਆ ਕਰਨ । ਇਕ ਲੇਖ ਵੀ ਸੂਰਾ ਵਿਚ ਨਿਕਲਿਆ ਸੀ ਜਿਸ ਵੇਚ ਖੋਹਲ ਕੇ ਲਿਖਿਅ ਸੀ ਕਿ ਕਿਸਤਰਾਂ ਬਚਿਆਂ ਦਾ ਸੈਂਟਰ ਨੀਯਤ ਕਰਕੇ ਪਾਠ ਕਰਾਨੇ ਅਰੰਭ ਕ਼ੀਤੇ ਜਾਨ ।

ਦਾਸ ਉਨ੍ਹਾਂ ਦਿਨਾ ਵਿਚ ਦਿਲੀ ਨੇਤਾ ਜੀ ਨਗਰ ਗੁਰਦੁਆਰਾ ਸਿੰਘ ਸਭਾ ਵਿਚ ਬਚਿਆਂ ਨੂੰ ਪੰਜਾਬੀ ਪੜ੍ਹਾਨ ਦੀ ਸੇਵਾ ਕਰਦਾ ਸੀ । ਸਕੂਲ ਦੇ ਬਚੇ ਜੋ ਪੰਜਾਬੀ ਪੜ੍ਹਨਾ ਚਾਹਨ ਉਹ ਦਾਖਲ ਹੋ ਜਾਂਦੇ ਸਨ ਅਤੇ ਬਗੈਰ ਕਿਸੇ ਫ਼ੀਸ ਦੇ ਇਕ ਘੰਟਾ ਪੰਜਾਬੀ ਪੜ੍ਹਦੇ ਸੀ । ਉਨ੍ਹਾਂ ਬਚਿਆਂ ਨਾਲ ਅਤੇ ਨੇਤਾ ਜੀ ਨਗਰ ਦੀ ਸੰਗਤ ਨਾਲ ਵਿਚਾਰ ਕਰਕੇ ਦਾਸ ਨੇ ਨੇਤਾ ਜੀ ਨਗਰ ਘਰ ਘਰ ਜਾ ਕੇ ਸਾਰੇ ੮ ਸਾਲ ਤੋਂ ੧੪ ਸਾਲ ਤਕ ਦੇ ਬਚਿਆਂ ਦੀ ਲਿਸਟ ਤਿਆਰ ਕੀਤੀ ਜਿਸ ਵਿਚ ਸਿਖਾਂ ਦੇ ਇਲਾਵਾ ਗੁਰੂ ਘਰ ਦੇ ਪ੍ਰੇਮੀ ਹਿੰਦੂਆਂ ਦੇ ਬਚੇ ਵੀ ਸ਼ਾਮਲ ਸਨ । ਉਨ੍ਹਾਂ ਬਚਿਆਂ ਦੇ ਦੋ ਗਰੁਪ ਬਨਾ ਦਿਤੇ ਜਿਨਾਂ ਦੇ ਘਰ ਨੇੜੇ ਨੇੜੇ ਪੈਂਦੇ ਸਨ । ਸ਼ਾਮ ਨੂੰ ਹਰ ਰੋਜ਼ ਸੋਦਰ ਦਾ ਪਾਠ ਕਰਾਨਾ ਸ਼ੁਰੂ ਕਰ ਦਿਤਾ । ਦਾਸ ਵਾਰੀ ਵਾਰੀ ਦੋਨਾਂ ਗਰੁਪਾ ਵਿਚ ਸਾਮਲ ਹੁੰਦਾ ਅਤੇ ਪੂਰੇ ਤੌਰ ਮਰਯਾਦਾ ਅਨੁਸਾਰ ਸੋਦਰ ਦਾ ਪਾਠ ਅਤੇ ਅਰਦਾਸ ਕਰਾਂਦਾ ਸੀ ਜਦ ਬਚਿਆਂ ਦੀ ਰੁਚੀ ਜ਼ਿਆਦਾ ਇਸ ਪਾਸੇ ਹੋ ਗਈ ਤਾਂ ਦੋਹਾਂ ਗਰੁਪਾਂ ਨੂੰ ਇਕੱਠਾ ਕਰਕੇ ਵਾਰੀਆਂ ਬੰਨ੍ਹ ਦਿਤੀਆਂ ਤਾਂ ਕੇ ਬੱਚੇ ਦੇ ਘਰ ਵਿਚ ਸੋਦਰ ਦਾ ਪਾਠ ਹੋਵੇ । ਫਿਰ ਇਕ ਢੋਲਕ ਲੈ ਦਿਤੀ ਅਤੇ ਹਰ ਰੋਜ਼ ਦੋਹਾਂ ਗਰੁਪਾਂ ਦੇ ਅਕਠੇ ਕੀਰਤਨ ਹੋਕੇ ਅਤੇ ਅਰਦਾਸ ਵੀ ਆਪ ਹੀ ਕਰ ਲੈਂਦੇ ਸੀ । ਸ਼ਬਦਾਂ ਦੀ ਪੋਥੀਆਂ ਅੰਮ੍ਰਿਤ ਕ਼ੀਰਤਨ ਉਨ੍ਹਾਂ ਨੂੰ ਦੇ ਦਿਤੀਆਂ ਅਤੇ ਉਹ ਅਪਣੇ ਆਪ ਕੀਰਤਨ ਵੀ ਕਰ ਲੈਂਦੇ । ਪਾਠ ਦੀ ਸਮਾਪਤੀ ਦੇ ਪਤਚਾਤ ਉਨਾਂ ਨੇ ਸਾਖੀ ਸੁਨਣ ਦੀ ਮੰਗ ਕਰਨੀ ਸ਼ੁਰੂ ਕਰ ਦਿਤੀ ਅਤੇ ਉਨ੍ਹਾਂ ਨੂੰ ਇਕ ਸਾਖੀ ਗੁਰੂ ਘਰ ਦੀ ਸੁਣਾ ਦਿਤੀ ਜਾਂਦੀ ਸੀ । ਸਾਰਾ ਪ੍ਰੋਗਰਾਮ ਇਕ ਘੰਟੇ ਵਿਚ ਸਮਾਪਤ ਹੋ ਜਾਂਦਾ ਸੀ ।

ਇਹ ਸਿਲਸਿਲਾ ਕਾਫੀ ਦੇਰ ਚਲਦਾ ਰਿਹਾ ਅਤੇ ਸਾਰੀ ਨੇਤਾ ਜੀ ਨਗਰ ਦੀ ਸਿਖ ਅਤੇ ਹਿੰਦੂ ਜੰਤਾ ਵਿਚ ਹਰਮਨ ਪਿਆਰਾ ਪਰੋਗਰਾਮ ਹੋ ਗਿਆ । ਉਨ੍ਹਾਂ ਬਚਿਆਂ ਦੇ ਇਲਾਵਾ ਉਨ੍ਹਾਂ ਦੇ ਪੜੋਸੀਆਂ ਨੇ


www.AKJ.Org

ਜਿਨ੍ਹਾਂ ਦੇ ਬਚੇ ਪੰਜਾਬੀ ਪੜ੍ਹਨ ਵਾਲੇ ਨਹੀਂ ਸੀ. ਬਚਿਆਂ ਦੇ ਕੀਰਤਨੀ ਅਤੇ ਪਾਠ ਦੇ ਪਰੋਗਰਾਮ ਦੀ ਮੰਗ ਕਰਨੀ ਸ਼ੁਰੂ ਕਰ ਦਿਤੀ। ਇਥੋਂ ਤਕ ਕਿ ਵਾਰੀ ਮਿਲਨੀ ਮੁਸ਼ਕਲ ਹੋ ਗਈ ਸਾਰਿਆਂ ਦੀਆਂ ਵਾਰੀਆਂ ਨੀਯਤ ਕਰ ਦਿਤੀਆਂ ਅਤੇ ਇਹ ਹਰ ਰੋਜ਼ ਦਾ ਪਰਚਾਰ ਹੋਣ ਲਗ ਪਿਆ।

ਦਾਸ ੮-੩-੬੯ ਨੂੰ ਦਿਲੀ ਤੋਂ ਬਨਾਰਸ ਚਲਾ ਆਇਆ ਉਸ ਦਿਨ ਤਕ ਇਹ ਹਰ ਰੋਜ਼ ਦਾ ਪਰੋਗਰਾਮ ਸਫਲਤਾ ਨਾਲ ਚਲਦਾ ਰਿਹਾ ਆਸ ਹੈ ਕਿ ਹੁਣ ਵੀ ਚਲਦਾ ਹੋਵੇਗਾ।

ਦਾਸ ਨੂੰ ਇਸ ਤੋਂ ਇਹ ਤਜਰਬਾ ਹਾਸਲ ਹੋਇਆ ਹੈ ਕਿ ਗੁਰਮਤ ਪਰਚਾਰ ਦਾ ਇਹ ਇਕ ਐਸਾ ਉਚਾ ਤੇ ਸੁਚਾ ਢੰਗ ਹੈ ਜਿਸ ਦੀ ਬਰਾਬਰੀ ਵਡੀਆਂ ਵਡੀਆਂ ਪਰਚਾਰਕ ਸੁਸਾਇਟੀਆਂ ਵੀ ਨਹੀਂ ਕਰ ਸਕਦੀਆਂ ਵਡੇ ਵਡੇ ਸਿਖ ਪਰਚਾਰਕ ਅਤੇ ਮਿਸ਼ਨਰੀ ਅਪਨੇ ਡੰਗ ਟਪਾਊ ਪਰਚਾਰ ਕਰਦੇ ਹਨ ਪਰ ਉਨ੍ਹਾਂ ਦਾ ਅਸਰ ਨਹੀਂ ਹੁੰਦਾ। ਇਸ ਵਕਤ ਸਿਖੀ ਨੂੰ ਸਭ ਪਾਸਿਆਂ ਤੋਂ ਢਾਹ ਲਗੀ ਹੋਈ ਹੈ ਕੋਈ ਠਲ੍ਹਣ ਵਾਲਾ ਨਹੀਂ। ਕੇਸਾਂ ਦਾ ਕਤਲ ਦਾਹੜੀ ਦੀ ਕਤਰਾਈ ਆਮ ਸਿਖਾਂ ਦੇ ਬਚੇ ਬਚੀਆਂ ਵਿਚ ਮਮੂਲੀ ਸਮਝੀ ਜਾਂਦੀ ਹੈ ਫੈਸ਼ਨਾਂ ਵਲੋਂ ਤਾਂ ਹਦ ਹੀ ਮੁਕੀ ਹੋਈ ਹੈ ਇਥੋਂ ਤਕ ਕਿ ਕੀਰਤਨ ਕਰਨ ਵਾਲੀਆਂ ਬੀਬੀਆਂ ਨੂੰ ਵੀ ਫੈਸ਼ਨ ਕਰਨ ਤੋਂ ਕੋਈ ਰੋਕਨ ਵਾਲਾ ਨਹੀਂ।

ਆਓ ਅਸੀਂ ਸਿਖ ਪਨੀਰੀ ਦੀ ਸੰਭਾਲ ਕਰੀਏ। ਬੱਚਿਆਂ ਦੇ ਰਗੋ ਰੇਸ਼ੇ ਵਿਚ ਗੁਰਬਾਣੀ ਦਾ ਪ੍ਰੇਮ ਗੁਰ ਸਿਖ ਰਹਿਣੀ ਦੀ ਪਰਪੱਕਤਾ, ਨਿਤ ਨੇਮ ਅਤੇ ਕੀਰਤਨ ਦੀ ਮਹੱਤਤਾ ਭਰ ਦੇਈਏ ਤਾਂ ਕੇ ਵਡੇ ਹੋ ਕੇ ਉਹ ਕਦੀ ਨਾ ਡੋਲਨ ਤੇ ਨਾ ਡਿਗਨ। ਐਸੇ ਪਰਚਾਰ ਦੀ ਖਾਸ ਕਰਕੇ ਛੋਟੀਆਂ ਲੜਕੀਆਂ ਵਿਚ ਬਹੁਤ ਜਰੂਰਤ ਹੈ ਜਿਨ੍ਹਾਂ ਨੇ ਵਡਿਆਂ ਹੋਕੇ ਦੂਸਰੇ ਘਰ ਵਿਚ ਜਾ ਕੇ ਬੜੀ ਜ਼ਿਮੇਵਾਰੀ ਸੰਭਾਲਨੀ ਹੈ। ਜੇਕਰ ਉਹ ਸ਼ੁਰੂ ਤੋਂ ਹੀ ਗੁਰਸਿਖੀ ਵਿਚ ਪਕੀਆਂ ਰਹਿਣਗੀਆਂ ਨਿਤ ਨੇਮ ਅਤੇ ਕੀਰਤਨ ਕਰਨਗੀਆਂ ਤਾਂ ਉਨ੍ਹਾਂ ਦੇ ਘਰ ਵਿਚ ਗੁਰਸਿਖੀ ਦਾ ਪਰਚਾਰ ਸੁਤ ਹੀ ਹੁੰਦਾ ਰਹੇਗਾ ਗੁਰਬਾਣੀ ਨਾਲ ਜੁੜੇ ਹੋਏ ਬੱਚੇ ਕਦੀ ਕੋਈ ਕੁਰਹਿਤ ਨਹੀਂ ਕਰਨਗੇ ਅਤੇ ਨਾ ਹੀ ਕਰਨ ਦੇਣਗੇ। (ਚਲਦਾ)

ਦਾਸਰ—ਸੋਹਨਲਾਲ ਸਿੰਘ ਬਨਾਰਸ।

## ਗੁਰਬਾਣੀ ਦਾ ਸੰਗੀਤਕ ਪਰਚਾਰ

ਲੋ: ਕ: ਚੀ: ਖਾ: ਦੀਵਾਨ ਦੇ ਸੰਗੀਤ ਸੈਂਟਰ ਦੇ ਇੰਚਾਰਜ ਦੀ ਪਰੇਰਨਾਂ ਤੇ ਸ੍ਰ: ਗੁਰੂ ਸਿੰਘ ਸਭਾ ਪਟਿਆਲਾ ਨੇ ਆਸਾ ਦੀ ਵਾਰ ਦੀ ਸਿਖਲਾਈ ਲਈ ਰਾਜਿੰਦ੍ਰਾ ਕੰਨਯਾ ਮਹਾਂ ਵਿਦਿਆਲਾ ਵਿਖੇ ੨੩-੪-੬੯ ਨੂੰ ਕਲਾਸ ਜਾਰੀ ਕੀਤੀ। ਚੋਖੀ ਮਾਇਆ ਖਰਚ ਕੇ ੧੦ ਵਾਜੇ ਕਲਾਸ ਲਈ ਪਰਦਾਨ ਕੀਤੇ। ਇਸ ਵਿਚ ਪ੍ਰਿੰਸੀਪਲ ਤੇ ੨੬ ਵਿਦਿਆਰਥੀ ਦਾਖ਼ਲ ਹੋਏ।

ਬੰਬਈ ਤੋਂ ਆਏ ੬ ਦਿਨ ਲਈ ਲੋ: ਕ: ਬੰਬਈ ਦੇ ਸੰਗੀਤਕ ਸੈਂਟਰ ਦੇ ਇਨਚਾਰਜ ਕਲਾਸ ਲੈਣਗੇ ਤੇ ਗੁਰੂ ਸਿੰਘ ਸਭਾ ਪਟਿਆਲਾ ਦੇ ਮਾਣ ਯੋਗ ਸੰਗੀਤ ਆਚਾਰਯ ਵੇਖਣਗੇ ਕਿ ਗੁ: ਸੰ: ਨਵੀਨ


www.AKJ.org

ਬਾਲ ਬੋਧ ਦੀ ਵਿਧੀ ਅਨੁਸਾਰ ਕਿਵੇਂ ਪ੍ਰੋਗਰਾਮ ੯) ਛੰਤ, ਸਲੋਕ ਤੇ ਪਉੜੀਆਂ ਤੇ ਸ਼ਬਦ-ਸਭ ਆਸਾਨ ਰਾਗ ਵਿਚ) ੬੦ ਦਿਨ ਵਿਚ ਪੂਰਾ ਕਰਨਾ ਹੈ। ਕਲਾਸ ਤੋਂ ਸਿੰਘ ਸਭਾ ਕੋਈ ਫੀਸ ਨਹੀਂ ਲਏਗੀ।

੬ ਦਿਨਾਂ ਮਗਰੋਂ ਬੰਬਈ ਦੀ ਵਿਅਕਤੀ ਗੜਦੀ ਵਾਲੇ ਖਾਲਸਾ ਹਾਇਰ ਸੈਕੰਡਰੀ ਸਕੂਲ ਚਲੀ ਜਾਏਗੀ। (ਉਥੇ ੪੦ ਦਾਖਲੇ ਇਸੇ ਹੀ ਕਲਾਸ ਲਈ ਕੀਤੇ ਜਾ ਚੁਕੇ ਹਨ) ਇਹੋ ਜਿਹਾ ਪਰੋਗ੍ਰਾਮ ਪੂਰਾ ਕਰ ਕੇ ੨੩-੬-੬੯ ਪਟਿਆਲਾ ਗਰੁਪ ਨੂੰ ਦੀਵਾਨ ਵਿਚ ਠੀਕ ਕੀਰਤਨ ਕਰਦਿਆਂ ਵੇਖਕੇ ਅਗਲੇ ਗਰੁਪ ਦੇ ਦਾਖਲੇ ਲਈ ਸਭਾ ਪਾਸ ਸਫਾਰਸ਼ ਕਰਾਂਗਾ। ਇਹ ਸਿਲਸਲਾ ਸਿੰਘ ਸਭਾ ਕਾਇਮ ਰਖਣ ਦਾ ਫੈਸਲਾ ਕਰ ਚੁਕੀ ਹੈ।

ਸਿੰਘ ਸਭਾ ਪਟਿਆਲਾ ਦਾ ਇਹ ਕਦਮ ਬੜਾ ਪਰਸੰਸਾ ਜੋਗ ਹੈ ਜਿਸਦਾ ਸਿਹਰਾ ਮੇਜਰ ਸਾਹਿਬ ਸ: ਅਰਜਨ ਸਿੰਘ ਜੀ ਸੈਕਟਰੀ ਤੇ ਸ੍ਰੀ ਮਾਨ ਪਰਧਾਨ ਜੀ ਮਾਨ ਯੰਗ ਮੈਂਬਰਾਂ ਦੇ ਸਿਰ ਹੈ।

ਦਾਸ—ਨਿਹਾਲ ਸਿੰਘ ਸੰਗੀਤਕ ਸੈਂਟਰਲ

ਲੋ: ਕ: ਚੀ: ਖਾ: ਦੀਵਾਨ ਬੰਬਈ।

## ਧੰਨ ਸਿੱਖੀ !

ਲੇਖਕ ਨੂੰ ਲੋ. ਕ. ਚੀ. ਖਾ. ਦੀਵਾਨ ਬੰਬਈ ਦੀ ਪ੍ਰੇਰਨਾ ਤੇ ਬੰਗਲੌਰ ਵਿਖੇ ਦੋ ਗਰੁਪਾਂ ਨੂੰ ਗੁਰਮਤ ਕੀਰਤਨ ਦੀ ਸਿਖਲਾਈ ਦੀ ਸੇਵਾ ਦਾ ਸੁਭਾਗ ਪਰਾਪਤ ਹੋਇਆ। ਦੋਵੇਂ ਗਰੁਪ ੪ ਮਹੀਨੇ ਮਗਰੋਂ ੯. ੩. ੬੯. ਨੂੰ ਗੁ: ਸ੍ਰੀ: ਗੁ: ਸਿੰਘ ਸਭਾ ਅਲਸੂਰ ਵਿਖੇ ਵਖੋ ਵਖ ਦਿਨ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰਦੇ ਫਾਰਗ ਹੋਏ। ਧੰਨ ਗੁਰ ਨਾਨਕ !

ਪਹਿਲੇ ਗਰੁਪ ਵਿਚ ਇਕ ਹਰੀ ਕੀਰਤਨ ਸ਼ਰਧਾਲੂ ਉਚ ਹਸਤੀ Lt. Col. Grewal Sahib 3 Tank Rd. Banglore ਸਹਿਤ ਸੁਪਤਨੀ ਤੇ ਸਪੁਤਰੀ ਸ਼ਾਮਲ ਸਨ। ਕਲਾਸ ਗੁਰਦੁਆਰੇ ਮਹਾਰਾਜ ਦੀ ਹਜ਼ੂਰੀ ੬ ਤੋਂ ੭ ਸ਼ਾਮ ੬੦ ਦਿਨ ਲਗੀ। ਆਪ ਪੁਜ਼ੀਸ਼ਨ ਦਾ ਭੋਰਾ ਖਿਆਲ ਨਾ ਕਰਦੇ ਹੋਏ ਕਲਾਸ ਵਿਚ ਬੇਠ ਕੇ ਸੰਥਿਆ ਲੈਂਦੇ ਰਹੇ। ਕੋਰਸ ਖਤਮ ਹੋਣ ਤੇ ਰਾਗੁ ਸਾਰਗੁ ਦੀ ਸੰਥਿਆ ਸ਼ੁਰੂ ਹੋਈ। ਸ਼ਬਦ ਸੀ "ਕਿਉ ਜੀਵਨ ਪ੍ਰੀਤਮ ਬਿਨ ਮਾਈ ॥" ਆਪ ਨੂੰ ਰੰਗ ਚੜ੍ਹ ਗਿਆ ਤੇ ਬਚਨ ਕੀਤਾ ਮੈਂ ਛੇਤੀ ਪੇਨਸ਼ਨ ਲੈ ਕੇ ਇਵੇਂ ਹੀ ਕੀਰਤਨ ਦੇ ਪਰਚਾਰ ਵਿਚ ਸਮਾਂ ਗੁਜ਼ਾਰਾਂਗਾ। ਧੰਨ ਗੁਰ ਨਾਨਕ ! ਧੰਨ ਸਿਖੀ ! ਪੰਥ ਨੂੰ ਲੋੜ ਹੈ ਅਜੇਹੇ ਨਿਰਮਾਣ ਤੇ ਨਿਸ਼ਕਾਮ ਪ੍ਰਚਾਰਕਾਂ ਦੀ। ਵਡੀ ਉਮਰ ਦੇ, ਘਰ ਦੀਆਂ ਜ਼ਿਮੇਦਾਰੀਆਂ ਪੂਰੀਆਂ ਕਰ ਚੁਕੇ ਗੁਰਮੁਖਾਂ ਲਈ ਗਿਰਸਤ ਉਦਾਸੀ ਬਣ ਜਾਣ ਲਈ ਇਹ ਨਮੂਨਾ ਉਤਸ਼ਾਹ-ਜਨਕ ਹੈ। ਨਿਤਰੋ ਤੇ ਜੀਵਨ ਦਾ ਨਮੂਨਾ ਪੇਸ਼ ਕਰਕੇ ਪੰਥਕ ਪਨੀਰੀ ਨੂੰ ਪਰਭਾਵਤ ਕਰੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ! ਸਾਈਂ ਪੰਥਕ ਪਨੀਰੀ ਨੂੰ 'ਸਾਬਤ ਸੂਰਤ' ਰਹਿਣ ਤੇ ਪਰਚਾਰਨ ਲਈ ਸਮਰਥਾ ਬਖਸ਼ੇ ! ਗੁਰੂ ਸਹਾਈ !

ਦਾਸ—ਨਿਹਾਲ ਸਿੰਘ,

I/c ਸੰਗੀਤ ਸੈਂਟਰਸ ਲੋ. ਕ. ਚੀ. ਖਾ. ਦੀਵਾਨ, ਬੰਬਈ।

1539/3 ਰਾਘੋਮਾਜਰਾ, ਪਟਿਆਲਾ ( ਕੈਂਪ )


www.AKJ.org

# ਹੁਕਮਿ ਮੰਨਿਐ ਹੋਵੈ ਪਰਵਾਣੁ, ਤਾ......

(ਵਲੋਂ—ਸ੍ਰੀ ਗੁਰੂ ਨਾਨਕ ਸਤਿਸੰਗ ਸਭਾ, ਸਿੰਘਾਪੁਰ)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਜਿਥੇ ਗੁਰਮੁਖ-ਭਗਤ ਤੇ ਸਚੇ ਸੇਵਕ ਰਹਿੰਦੇ ਹੁੰਦੇ ਸਨ ਉਥੇ ਕਈ ਐਸੇ ਭੀ ਸੇਵਕ ਰਹਿੰਦੇ ਸਨ, ਜੋ ਸਰੀਰ ਨੂੰ ਸੁਖਾਵਾਂ ਰਖਣ ਵਲ ਜ਼ਿਆਦਾ ਧਿਆਨ ਦਿੰਦੇ ਸਨ । ਵਿਹਲੀਆਂ ਖਾਣ ਵਾਲਿਆਂ ਵਿਚੋਂ ਇਕ 'ਮਾਣਾ' ਨਾਮ ਦਾ ਸਿਖ ਸੀ।

ਭਾਈ ਮਾਣੇ ਦੇ ਹੱਡ ਪੈਰ ਖੁਲੇ ਸਨ । ਛੇ ਫੁੱਟਾ ਜਵਾਨ ਸੀ । ਚੰਗੀ ਖ਼ੁਰਾਕ, ਬੇਫ਼ਿਕਰੀ ਤੇ ਵਿਹਲਪੁਣੇ ਨੇ ਉਸਦੀ ਦੇਹ ਨੂੰ ਪਹਿਲਵਾਨਾਂ ਵਾਂਗੂ ਮੋਟਾ ਕਰ ਦਿਤਾ ਹੋਇਆ ਸੀ । ਗੁਰੂ ਕੇ ਲੰਗਰ ਵਿਚੋਂ ਉਹ ਖਾਣਾ ਖੂਬ ਖਾਂਦਾ ਪਰ ਸੇਵਾ ਕੋਈ ਨਹੀਂ ਸੀ ਕਰਦਾ । ਖਾਣ ਪੀਣ ਤੋਂ ਵੇਹਲਾ ਹੋਕੇ ਕੰਮ ਦੇ ਵਕਤ ਓਹ ਗੁਰੂ ਜੀ ਕੋਲ ਜਾ ਕੇ ਬੈਠ ਜਾਂਦਾ । ਸਾਰੇ ਮਾਣੇ ਤੋਂ ਡਰਦੇ ਸਨ, ਕਿਉਂਕਿ ਓਹ ਮਾਰ ਕੁਟਾਈ ਤੇ ਵੀ ਤੁਲ ਪੈਂਦਾ ਸੀ । ਲੰਗਰ ਵਿਚ ਸੇਵਾ ਕਰਨ ਵਾਲਿਆਂ ਨੇ ਗੁਰੂ ਜੀ ਦੇ ਹਜ਼ੂਰ ਭਾਈ ਮਾਣੇ ਦੀ ਸ਼ਿਕਾਇਤ ਕੀਤੀ ਕਿ 'ਹੇ ਸਚੇ ਪਾਤਸ਼ਾਹ ! ਇਹ ਸੇਵਾ ਕੋਈ ਨਹੀਂ ਕਰਦਾ ਤੇ ਖਾਂਦਾ ਵੀ ਹੈ ਤੇ ਘੂਰਦਾ ਵੀ ਹੈ ।

ਸੇਵਕਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਭਾਈ ਮਾਣੇ ਨੂੰ ਕੋਲ ਸਦਿਆ ਤੇ ਫ਼ਰਮਾਇਆ ''ਗੁਰਮੁਖਾ, ਗੁਰੂ ਕੇ ਸਿਖਾਂ ਦੀ ਸੇਵਾ ਕਰਿਆ ਕਰ, ਕਿਸੇ ਨਾਲ ਲੜਿਆ ਨਾ ਕਰ ।' ਮਾਣੇ ਨੇ ਝਟ ਹੀ ਉਤਰ ਦਿਤਾ. ਮੈਂ ਕਿਸੇ ਸਿਖ ਦੀ ਸੇਵਾ ਨਹੀਂ ਜੇ ਕਰਨੀ, ਮੈਂ ਗੁਲਾਮ ਨਹੀਂ । ਮੈਂ ਤਾਂ ਸਿਰਫ਼ ਆਪ ਜੀ ਦੀ ਹੀ ਸੇਵਾ ਕਰਾਂਗਾ ਤੇ ਆਪ ਜੀ ਦੀ ਆਗਿਆ ਦਾ ਹੀ ਪਾਲਨ ਕਰਾਂਗਾ ।'' ਮੈਂ ਆਪ ਜੀ ਦਾ ਸਿਖ ਹਾਂ । ਬਾਕੀ ਸਾਰੇ ਜਗਤ ਦਾ ਸੇਵਕ ਨਹੀਂ ।

ਸਚੇ ਪਾਤਸ਼ਾਹ ਭਾਈ ਮਾਣੇ ਦਾ ਇਹ ਹੰਕਾਰ ਭਰਿਆ ਜਵਾਬ ਸੁਣਕੇ ਗੰਭੀਰ ਹੋ ਗਏ । ਇਕ ਵਾਰ ਮਾਣੇ ਨੂੰ ਹੋਰ ਸਮਝਾਇਆ ਤੇ ਇਉਂ ਬਚਨ ਕੀਤਾ, 'ਮਾਣਿਆ ਹਰ ਪਿਤਾ ਨੂੰ ਪੁਤਰ ਪਿਆਰੇ ਹੁੰਦੇ ਹਨ । ਗੁਰੂ ਆਪਣੇ ਸਿਖਾਂ ਸੇਵਕਾਂ ਨੂੰ ਪੁਤਰਾਂ ਨਾਲੋਂ ਵੀ ਬਹੁਤਾ ਪਿਆਰ ਕਰਦੇ ਹਨ । ਜੇ ਕੋਈ ਕਿਸੇ ਬਾਪ ਨੂੰ ਇਹ ਕਹੇ ਕਿ ਤੇਰੇ ਨਾਲ ਤਾਂ ਪਿਆਰ ਹੈ, ਤੇਰੀ ਸੇਵਾ ਕਰਾਂਗਾ, ਪਰ ਤੇਰੇ ਪੁਤਰਾਂ ਨਾਲ ਦੁਸ਼ਮਣੀ ਰਖਾਂਗਾ, ਤਾਂ ਚੰਗਾ ਬਾਪ ਕਿਵੇਂ ਖੁਸ਼ ਰਹਿ ਸਕੇਗਾ । ਮੇਰੇ ਸਿਖ ਮੇਰਾ ਰੂਪ ਹਨ, ਸਿਖਾਂ ਦੀ ਸੇਵਾ ਮੇਰੀ ਸੇਵਾ ਹੈ ।

ਹੰਕਾਰੀ ਮਾਣੇ ਨੇ ਕਿਹਾ, ਮਹਾਰਾਜ ਮੈਂ ਇਹ ਨਹੀਂ ਮੰਨਦਾ, ਮੈਂ ਤੇ ਗੁਰੂ ਜੀ ਆਪ ਜੀ ਦਾ ਹੀ ਸਿਖ ਹਾਂ, ਆਪ ਜੋ ਹੁਕਮ ਦੇਵੋ ਓਹੋ ਹੀ ਕਰਨ ਨੂੰ ਤਿਆਰ ਹਾਂ । ਗੁਰੂ ਜੀ ਨੇ ਮਾਣੇ ਨੂੰ ਫ਼ਰਮਾਇਆ, ਤੂੰ ਗੁਰੂ ਘਰ ਆਇਆ ਸੈਂ ਸਵਰਗ ਜਾਣ ਦੀ ਲਾਲਸਾ ਲੈ ਕੇ, ਤੂੰ ਇੰਜ ਕਰ ਕਿ ਬਣ ਵਿਚ ਜਾ ਕੇ ਸੁਕੀਆਂ ਲਕੜੀਆਂ ਇਕਠੀਆਂ ਕਰਕੇ ਆਪਣੀ ਚਿਖਾ ਆਪ ਹੀ ਚਿਣ ਤੇ ਜੇ ਤੂੰ ਸਵਰਗ ਦੀ ਆਸ਼ਾ ਰਖਕੇ ਉਸ ਚਿਖਾ ਵਿਚ ਛਲਾਂਗ ਲਗਾਵੇਂਗਾ ਤੈਨੂੰ ਪ੍ਰਾਪਤੀ ਹੋਵੇਗੀ, ਇਹ ਤੈਨੂੰ ਗੁਰੂ ਕਾ ਹੁਕਮ ਹੈ । ਗੁਰੂ ਜੀ ਨੇ ਮਾਣੇ ਦਾ ਇਮਤਿਹਾਨ ਲੈਣ ਲਈ ਇਹ ਬਚਨ ਆਖ ਦਿਤਾ ਸੀ ਪਰ ਮਾਣੇ ਦੇ ਦਿਲ ਵਿਚ ਇਹ ਸੁਣ ਕੇ ਪਤਾ ਨਹੀਂ ਕੀ ਖਿਆਲ ਆਇਆ, ਉਸਨੇ ਗੁਰੂ ਜੀ ਦੇ ਚਰਨਾਂ ਤੇ ਸੀਸ ਝੁਕਾ ਕੇ ਬੜੇ ਸਿਦਕ ਨਾਲ ਮਥਾ ਟੇਕਿਆ ਤੇ ਬਾਹਰ ਨੂੰ ਚਲਾ ਗਿਆ ।

ਖਡੂਰ ਤੋਂ ਅਧ ਕੁ ਮੀਲ ਦੂਰ ਕਿਕਰਾਂ ਟਾਹਲੀਆਂ ਦਾ ਇਕ ਬਣ ਸੀ, ਉਸ ਵਿਚ ਜਾ ਕੇ ਮਾਣੇ ਨੇ ਸੁਕੀਆਂ ਲਕੜਾਂ ਇਕਠੀਆਂ ਕੀਤੀਆਂ ਤੇ ਚਿਖਾ ਬਣਾ ਲਈ। ਚਿਖਾ ਚਿਣ ਕੇ ਸੋਚ ਰਿਹਾ ਸੀ ਕਿ ਐਡੀ ਗਰਮੀ ਵਿਚ ਛਾਲ ਕਿਵੇਂ ਅਗ ਵਿਚ ਜਾ ਮਾਰਾਂ । ਇਤਨੇ ਵਿਚ ਉਸਨੂੰ ਕੁਝ ਖੜਕਾ ਸੁਣਾਈ ਦਿਤਾ ਤੇ ਪਲ ਕੁ ਮਗਰੋਂ ਇਕ ਓਪਰਾ ਜਿਹਾ ਬੰਦਾ ਉਸਦੇ ਕੋਲ ਆ ਖਲੋਤਾ । ਉਸਨੇ ਚਿਖਾ ਦੇ



www.AKJ.Org

ਣ ਆਦਿ ਬਾਰੇ ਪੁਛ ਗਿਛ ਕੀਤੀ। ਭਾਈ ਮਾਣੇ ਨੇ ਣੀ ਇਛਾ ਸਵਰਗ ਵਿਚ ਜਾਵਣ ਤੇ ਗੁਰੂ ਜੀ ਦੇ ਹੁਕਮ ਵੇਰਵੇ ਸਹਿਤ ਇਸ ਓਪਰੇ ਬੰਦੇ ਨੂੰ ਸੁਣਾ ਦਿਤਾ। ਨਾਲ ਉਸਨੇ ਦਸਿਆ ਕਿ ਸਵਰਗ ਵਿਚ ਜਾ ਕੇ ਮਨੁਖ ਨੂੰ ਰਤੀ ਮਿਲਦੀ ਹੈ, ਕੋਈ ਕੰਮ ਨਹੀਂ ਕਰਨ ਨੂੰ ਮਿਲਦਾ, ਣ ਪੀਣ ਨੂੰ ਚੰਗਾ ਮਿਲਦਾ ਹੈ ਤੇ ਪਰੀਆਂ ਸੇਵਾ ਕਰਨ ਨੂੰ ਿਆਂ ਹਨ। ਮੇਰੇ ਗੁਰੂ ਨੇ ਸਵਰਗ ਜਾਣ ਦਾ ਮੈਨੂੰ ਇਹੋ ਰਾਹ ਦਸਿਆ ਹੈ, ਮੈਂ ਤਾਹੀਉ ਚਿਖਾ ਵਿਚ ਸੜ ਨਾ ਹੈ।

ਜੋ ਪੁਰਸ਼ ਭਾਈ ਮਾਣੇ ਪਾਸ ਖਲੋਤਾ ਸੀ ਓਹ ਬੜਾ ਰਾਧੀ ਤੇ ਨਾਮਵਰ ਡਾਕੂ ਸੀ। ਉਸ ਕੋਲ ਕਿਸੇ ਮੋਟੀ ੀ ਦੇ ਘਰੋਂ ਸੋਨੇ, ਚਾਂਦੀ ਦੇ ਗਹਿਣੇ, ਬੇਅੰਤ ਮਾਇਆ, ਅਤੇ ਕੀਮਤੀ ਸਾਮਾਨ ਦੀ ਚੋਰੀ ਕੀਤੀ ਗੰਢੜੀ ਸੀ। ਦੇ ਪਿਛੇ ਪੁਲੀਸ ਲਗੀ ਹੋਈ ਸੀ, ਉਸਨੇ ਜਦੋਂ ਚਿਤਾ ਤ ਛਾਲ ਮਾਰਨ ਤੇ ਸਵਰਗ ਦੀ ਵਾਰਤਾ ਸੁਣੀ, ਉਸ ਪਾਪੀ ਮਨ ਵਿਚ ਆਇਆ ਕਿ ਮੈਂ ਤੇ ਕਈ ਖੂਨ ਕੀਤੇ ਹੋਏ , ਪੋਟਾ ਪੋਟਾ ਪਾਪਾਂ ਵਿਚ ਪਰੋਤਾ ਹੋਇਆ ਹੈ। ਜਿਸ ਦਿਨ ਜਾਂ ਜਿਸ ਘੜੀ ਵੀ ਫੜਿਆ ਗਿਆ, ਸਰਕਾਰ ਨੇ ਫਾਂਸੀ ਘਟ ਸਜ਼ਾ ਨਹੀਂ ਦੇਣੀ। ਮਰਨ ਦੇ ਪਿਛੋਂ ਨਰਕ ਕੁੰਡ ਤ ਹੋਰ ਗਲਣਾ ਵਖਰੇ ਪਵੇਗਾ, ਕਿਉਂ ਨਾ ਚੋਰੀ ਦਾ ਮਾਲ ਕੇ ਗੁਰੂ ਜੀ ਦਾ ਦਿਤਾ ਬਚਨ ਖਰੀਦ ਲਵਾਂ? ਰਾਜ ਦੰਡ ਛੁਟਾ ਤੇ ਸਵਰਗ ਵਿਚ ਵੀ ਢੋਈ ਮਿਲੇਗੀ। ਇਹ ਗਲਾਂ ਉਸਨੇ ਬੜੇ ਆਜਜ਼, ਨਿਮਾਣਾ, ਨਿਤਾਣਾ ਹੋ ਕੇ ਭਾਈ ਅਗੇ ਬੇਨਤੀ ਕੀਤੀ ਕਿ ਮੇਰੇ ਪਾਸ ਜੋ ਲਖਾਂ ਦੇ ਮੁਲ ਦਾ ਮਾਨ ਹੈ ਇਹ ਲੈ ਲੈ, 'ਗੁਰੂ ਦਾ ਬਚਨ ਮੈਨੂੰ ਦੇ ਦੇ।' ਈ ਮਾਣਾ ਅਗੇ ਹੀ ਲਾਲਚੀ ਤੇ ਡਰੂ ਸੀ। ਹੁਣ ਮੌਤ ਣੇ ਖੜੀ ਵੇਖ ਯੂਕਦਾ ਜਾ ਰਿਹਾ ਸੀ। ਮੂਰਖ ਮਾਣਾ ਹੀ ਮਨ ਵਿਚ ਸੋਚਣ ਲਗਾ, 'ਗੁਰੂ ਜੀ ਬਹੁਤ ਚੰਗੇ ਹਨ, ਾਂ ਨੇ ਮੇਰੇ ਗੁਜ਼ਾਰੇ ਵਾਸਤੇ ਮੇਰੇ ਮਗਰ ਹੀ ਧੰਨ ਵੀ ਭੇਜ ਤਾ ਹੈ', ਉਸਨੇ ਝਟ ਪ੍ਰਵਾਨ ਕਰ ਲਿਆ ਤੇ ਕਿਹਾ, 'ਲਿਆ , ਪੋਟਲੀ ਮੈਂ ਦਿਤਾ ਤੈਨੂੰ ਗੁਰੂ ਕਾ ਵਚਨ।'

ਚੋਰ ਨੇ ਸਭ ਕੁਝ ਮਾਣੇ ਦੀ ਝੋਲੀ ਵਿਚ ਪਾ, ਅਖ ਦੇ ਫੋਰੇ ਵਿਚ ਹੀ ਅਗ ਦੇ ਭਾਂਬੜਾਂ ਵਿਚ ਛਾਲ ਮਾਰਨ ਦੀ ਤਿਆਰੀ ਕਰ ਲਈ। ਇਨੇ ਨੂੰ ਇਕ ਸ਼ਿਕਾਰੀ, ਜੋ ਕਿ ਅਮੀਰ ਤੇ ਧੰਨਵਾਨ ਸੀ, ਓਹ ਉਧਰ ਆ ਨਿਕਲਿਆ ਤੇ ਉਸਨੇ ਚਿਖਾ ਬਾਰੇ ਦੋਹਾਂ ਤੋਂ ਵਾਰਤਾ ਸੁਣੀ। ਕੁਝ ਚਿਰ ਓਹ ਸੋਚਦਾ ਰਿਹਾ ਅੰਤ ਉਸਨੇ ਚੋਰ ਨੂੰ ਆਖਿਆ ਕਿ ਇਹ ਠੀਕ ਹੈ ਕਿ 'ਗੁਰੂ ਜੀ ਨੇ ਸਵਰਗ ਪ੍ਰਾਪਤੀ ਲਈ ਮਾਣੇ ਨੂੰ ਢੰਗ ਦਸਿਆ ਹੈ, ਪਰ ਇਹ ਵੀ ਨਿਰਾਲੀ ਗਲ ਹੈ ਕਿ ਆਪਣੇ ਸਿਖ ਨੂੰ ਆਤਮਘਾਤ ਲਈ ਇਜਾਜ਼ਤ ਦੇਵੇ, ਇਸ ਗਲ ਵਿਚ ਕੋਈ ਭੇਦ ਹੈ, ਚਲੋ ਆਪਾਂ ਸਚੇ ਸਤਿਗੁਰੂ ਜੀ ਪਾਸ ਜਾ ਕੇ ਪੁਛ ਆਈਏ, ਫਿਰ ਚਿਖਾ ਵਿਚ ਸੜ ਜਾਣਾ। ਕਾਫੀ ਵਿਚਾਰਾਂ ਤੋਂ ਪਿਛੋਂ ਸ਼ਿਕਾਰੀ ਸਜਣ ਸਫਲ ਹੋ ਗਿਆ ਤੇ ਚਿਖਾ ਵਿਚ ਸੜਨ ਲਈ ਮੋਹਲਤ ਮੰਗਣ ਤਿੰਨੇ ਸਜਣ ਪਿੰਡ ਖਡੂਰ ਆਏ।

ਗੁਰੂ ਜੀ ਦੀ ਹਜ਼ੂਰੀ ਵਿਚ ਪੁਜੇ ਤੇ ਗੁਰੂ ਜੀ ਦੇ ਚਰਨਾਂ ਤੇ ਮਥਾ ਟੇਕ ਕੇ ਉਨ੍ਹਾਂ ਨੇ ਭਾਈ ਮਾਣੇ ਅਤੇ ਚੋਰ ਨਾਲ ਕੀਤੇ ਇਕਰਾਰ ਦੀ ਗਲ ਸੁਣਾਈ। ਸਤਿਗੁਰ ਸਚੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਚਨ ਕੀਤਾ, 'ਮਾਣਾ ਜੋ ਕੁਝ ਸੀ ਓਹੋ ਕੁਝ ਰਿਹਾ', ਪਾਪੀ ਚੋਰ ਨੇ ਹੁਕਮ ਮਨ ਕੇ ਪਾਪ ਬਖ਼ਸ਼ਵਾ ਲਏ ਹਨ, ਧਨੀ ਨੇ ਦੋਹਾਂ ਨੂੰ ਮੁੜ ਮਾਰਗ ਤੇ ਲਿਆ ਖੜਾ ਕੀਤਾ। ਜਾਓ ਤੁਹਾਨੂੰ ਕਰਤਾਰ ਮਾਰਗ ਦਿਖਾਵੇ। ਕੁਝ ਦਿਨਾਂ ਵਿਚ ਹੀ ਚੋਰ ਤੇ ਧਨੀ ਤਾਂ ਸੰਗਤਾਂ ਵਿਚ ਪੁਜਣ ਲਗੇ ਤੇ ਸਿਮਰਨ ਕਰਕੇ ਆਤਮਕ ਸਵਰਗ ਪ੍ਰਾਪਤ ਕਰਨ ਲਗੇ। ਪਰ ਮਾਣਾ ਚੋਰੀ ਦਾ ਸਾਮਾਨ ਵੇਚਦਿਆਂ ਫੜਿਆ ਹੀ ਨਹੀਂ ਗਿਆ, ਬੰਦੀਖ਼ਾਨੇ (ਜੇਲ੍ਹ) ਵਿਚ ਡਕਿਆ ਗਿਆ, ਭੁਖ ਦੇ ਦੁਖ ਨਾਲ ਦੂਜੇ ਦਿਨ ਹੀ ਮਰ ਗਿਆ ਅਤੇ ਨਰਕ ਵਿਚ ਪਧਾਰਿਆ। ਸੇਵਾਦਾਰ ਗੁਰੂ ਜੀ ਦੇ ਨਿਆ ਦੀਆਂ ਸਿਫਤਾਂ ਕਰਦੇ ਗਾਉਂਦੇ ਸਨ :—

'ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥'

—:o:—

**ਖਕਾਂ ਪ੍ਰਤੀ ਜ਼ਰੂਰੀ ਸੂਚਨਾ—** 'ਸੂਰਾ' ਦੇ ਲੇਖਕਾਂ ਪ੍ਰਤੀ ਜ਼ਰੂਰੀ ਸੂਚਨਾ ਦਿਤੀ ਜਾਂਦੀ ਹੈ ਕਿ ਲੇਖ ਸਾਫ਼ ਸੁਥਰੇ ਤੇ ਕਾਗਜ਼ ਦੇ ਇਕ ਪਾਸੇ ਨਾ ਲਿਖੇ ਹੋਣ ਕਾਰਨ ਛਪਣੋਂ ਰਹਿ ਜਾਂਦੇ ਹਨ, ਇਸ ੀ ਲੇਖਕ-ਜਨ ਆਪਣੇ ਲੇਖ ਭੇਜਣ ਲਗਿਆਂ ਇਸ ਗੱਲ ਦਾ ਜ਼ਰੂਰ ਖ਼ਿਆਲ ਰਖਣ ਕਿ ਲੇਖ ਸਾਫ਼ ਸੁਥਰੇ ਤੇ ਕਾਗਜ਼ ਦੇ ਇਕ ੇ ਲਿਖੇ ਹੋਣ, ਨਹੀਂ ਤਾਂ ਅਸੀਂ ਉਹਨਾਂ ਲੇਖਕਾਂ ਦੇ ਲੇਖ ਛਾਪਣ ਤੋਂ ਅਸਮਰਥ ਹਾਂ, ਤੇ ਇਸ ਮਜਬੂਰੀ ਲਈ ਖਿਮਾਂ ਦੇ ਜਾਚਕ ਹਾਂ।

ਮੈਨੇਜਰ– 'ਸੂਰਾ' ਪਟਿਆਲਾ।



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਪ੍ਰੋਗਰਾਮ
## ਕੁਮਾਰ ਹੱਟੀ, ਡਗਸ਼ਈ ਅਤੇ ਸ਼ਿਮਲਾ ਵਿਖੇ

18. 5. 69. ਐਤਵਾਰ ਸਵੇਰੇ 5 ਵਜੇ ਤੋਂ 8 ਵਜੇ ਤਕ ਕੀਰਤਨ ਆਸਾ ਦੀ ਵਾਰ ਉਪ੍ਰੰਤ ਅਰੰਭ ਸ੍ਰੀ ਅਖੰਡ ਪਾਠ, ਗੁਰਦੁਆਰਾ ਤਪੋਬਨ ਕੁਮਾਰ ਹੱਟੀ ਵਿਖੇ।

18. 5. 69. ਐਤਵਾਰ ਸ਼ਾਮ ਨੂੰ 6 ਵਜੇ ਤੋਂ 9 ਵਜੇ ਤਕ ਕੀਰਤਨ, ਸਰਦਾਰ ਅਜਮੇਰ ਸਿੰਘ ਜੀ ਸੈਕਟਰੀ ਗੁਰਦੁਆਰਾ ਸਿੰਘ ਸਭਾ ਡਗਸ਼ਈ ਦੇ ਗ੍ਰਿਹ ਵਿਖੇ।

19. 5. 69. ਸੋਮਵਾਰ ਸਵੇਰੇ 6 ਤੋਂ 11 ਵਜੇ ਤਕ ਕੀਰਤਨ ਮਿਲਟ੍ਰੀ ਡੇਹਰੀ ਫਾਰਮ ਡਗਸ਼ਈ ਵਿਖੇ।

19. 5. 69. ਸੋਮਵਾਰ ਸ਼ਾਮ ਨੂੰ 7 ਤੋਂ 9 ਵਜੇ ਤਕ ਕੀਰਤਨ ਪਬਲਿਕ ਸਕੂਲ ਡਗਸ਼ਈ ਵਿਖੇ।

20. 5. 69, ਮੰਗਲਵਾਰ ਸਵੇਰੇ 5 ਵਜੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ ਤਕ ਗੁਰਦੁਆਰਾ ਤਪੋਬਨ ਕੁਮਾਰ ਹੱਟੀ ਵਿਖੇ।

20. 5. 69. ਮੰਗਲਵਾਰ ਸ਼ਾਮ ਨੂੰ 8 ਵਜੇ ਅਰੰਭ ਕੀਰਤਨ ਰੈਣ ਸਬਾਈ ਜਿਸਦਾ ਭੋਗ 21. 5. 69. ਨੂੰ ਸਵੇਰੇ 6 ਵਜੇ ਪਵੇਗਾ, ਗੁਰਦੁਆਰਾ ਸਿੰਘ ਸਭਾ ਡਗਸ਼ਾਈ ਵਿਖੇ।

## ਪ੍ਰੋਗਰਾਮ ਸ਼ਿਮਲਾ ਵਿਖੇ

22. 5. 69. ਵੀਰਵਾਰ ਸਵੇਰੇ 5 ਤੋਂ 9 ਵਜੇ ਤਕ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ, ਖਾਲਸਾ ਨਿਵਾਸ ਵਿਖੇ।

22. 5. 69. ਵੀਰਵਾਰ ਸ਼ਾਮ ਨੂੰ 8 ਤੋਂ 10 ਵਜੇ ਤਕ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਰੋਡ ਸ਼ਿਮਲਾ ਵਿਖੇ।

23. 5. 69. ਸ਼ੁਕਰਵਾਰ ਸਵੇਰੇ 5 ਤੋਂ 9 ਵਜੇ ਤਕ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਿਖੇ।

23. 5. 69. ਸ਼ੁਕਰਵਾਰ ਸ਼ਾਮ ਨੂੰ 8 ਤੋਂ 10 ਵਜੇ ਤਕ ਕੀਰਤਨ ਗੁ; ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਿਖੇ।

24. 5. 69. ਸਨਿਚਰਵਾਰ ਸਵੇਰੇ 5 ਵਜੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਆਸਾ ਦੀ ਵਾਰ ਦੁਪਹਿਰ ਤਕ, ਖਾਲਸਾ ਨਿਵਾਸ ਰਾਮ ਬਜ਼ਾਰ ਸ਼ਿਮਲਾ ਵਿਖੇ।

24. 5. 69. ਸਨਿਚਰਵਾਰ ਸ਼ਾਮ ਨੂੰ 8 ਵਜੇ ਅਰੰਭ ਰੈਣ ਸਬਾਈ ਕੀਰਤਨ ਜਿਸਦੀ ਸਮਾਪਤੀ 25. 5. 69. ਨੂੰ ਅੰਮ੍ਰਿਤ ਵੇਲੇ ਹੋਵੇਗੀ, ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ।

ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਿਖੇ ਹੋਵੇਗਾ। ਹੋਰ ਪੁਛ ਗਿਛ ਖਾਲਸਾ ਬੂਟ ਹਾਊਸ ਸ਼ਿਮਲਾ ਤੋਂ ਕੀਤੀ ਜਾ ਸਕਦੀ ਹੈ ਜੀ।

ਦਰਸ਼ਨ ਅਭਿਲਾਖੀ—
ਨਿਰਬਾਣ ਕੀਰਤਨੀ ਜਥਾ,
ਕੁਮਾਰ ਹੱਟੀ, ਡਗਸ਼ਈ ਤੇ ਸ਼ਿਮਲਾ।



www.AKJ.Org

## ਰੈਣ ਸਬਾਈ ਕੀਰਤਨ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਮਹਾਨ ਅਦੁਤੀ ਸਮਾਗਮ—ਮਹਾਂ ਰਾਸ਼ਟਰ ਅੰਦਰ

ਪੰਥ ਰਤਨ ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਲਾਨਾ ਯਾਦ ਅੰਦਰ ਸਮੁਚੇ ਰਾਸ਼ਟਰ ਦੀ ਤਰਫੋਂ, ਗੁਰਦਵਾਰਾ ਗੁਰੂ ਨਾਨਕ ਦਰਬਾਰ ਨਾਸਿਕ ਸ਼ਹਿਰ ਵਿਖੇ ਬੜੇ ਹੀ ਪਿਆਰ ਸਹਿਤ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਨੀਯਤ ਹੋਇ ਹਨ ਤੇ ਇਸ ਵਿਚ ਬੰਬਈ, ਪੂਨਾਂ, ਜਲਗਾਂਵ, ਅਹਿਮਦ ਨਗਰ ਬੜੋਦਾ, ਨੰਦਰ, ਬਾਰ, ਦੇਵਲਾਲੀ ਤੇ ਹੋਰ ਬਹੁਤ ਸਾਰੇ ਅਸਥਾਨਾਂ ਤੋਂ ਭਾਈ ਸਾਹਿਬ ਦੇ ਅਖੰਡ ਕੀਰਤਨੀ ਜੱਥੇ ਪੁਜ ਰਹੇ ਹਨ ਜੀ ਤੇ ਦਾਸ ਵਲੋਂ ਸਾਰੇ ਵੀਰਾਂ ਨੂੰ ਸਿਖ ਸੰਗਤਾਂ ਨੂੰ ਬੇਨਤੀ ਹੈ ਕੇ ਆਇ ਦਰਸ ਦਿਖਾਵੋ ਨਾਸਿਕ ਦੀਆਂ ਸੰਗਤਾਂ ਦੀ ਚਿਰਾਂ ਦੀ ਸਧਰ ਨੂੰ ਆਇ ਪੂਰਿਆਂ ਕਰੋ ਜੀ ਨਾਸਿਕ ਅੰਦਰ ਏਹੋ ਜੇਹਾ ਪਹਿਲਾ ਸਮਾਗਮ ਹੈ।

### ਪਰੋਗਰਾਮ

9-5-69 ਸ਼ਾਮੀ 7 ਤੋਂ 9 ਅਖੰਡ ਕੀਰਤਨ ਹਜ਼ੂਰੀ ਜਥਾ ਗਿ: ਦਲਜੀਤ ਸਿੰਘ 'ਕਮਲ' 9ਤੋਂ 9-30 ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸਲਾਨਾ ਯਾਦ ਅੰਦਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ 10-5-69 2 ਵਜੇ ਤੋਂ ਸ੍ਰੀ ਅੰਮ੍ਰਿਤ ਸੰਚਾਰ ਅਤੇ ਅੰਮ੍ਰਿਤ ਅਭਿਲਾਖੀ ਮਾਈ ਭਾਈ ਕੰਘਾ, ਕੜਾ, ਕਿਰਪਾਨ, ਕਛਹਿਰਾ, ਕੇਸਕੀ ਦੇ ਧਰਨੀ ਹੋ 12 ਵਜੇ ਤਕ ਪੁਜ ਜਾਵਨ ਜੀ 6 ਤੋਂ 8-30 ਬਾਹਰੋਂ ਆਈਆਂ ਸੰਗਤਾਂ ਦਾ ਸਵਾਗਤ ਤੇ ਗੁਰੂ ਲੰਗਰ 8-30 ਤੋਂ 9 ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਜੀ 9 ਤੋਂ 6 ਤਕ ਰੈਣ ਸਬਾਈ ਕੀਰਤਨ 11-5-66 ਸਵੇਰੇ ਸਮਾਪਤੀ

ਨੋਟ:—ਸਗਤਾਂ ਨਾਸਿਕ ਰੋਡ ਸਟੇਸ਼ਨ ਤੋਂ ਉਤਰਨ ਪਹਿਲਾਂ ਪਤਾ ਲਗਣ ਤੇ ਸੰਗਤ ਨੂੰ ਲਿਆਣ ਦ ਯੋਗ ਪ੍ਰਬੰਦ ਕੀਤੇ ਜਾਣਗੇ। ਪ੍ਰਧਾਨ—ਸ: ਇੰਦਰ ਸਿੰਘ ਸਿਬਲ ਸਕਤ੍ਰ—ਸ:ਦਵਿੰਦਰ ਸਿੰਘ ਸੇਠੀ

ਪੁਛ ਗਿਛ ਲਈ ਦਾਸ ਦਲਜੀਤ ਸਿੰਘ 'ਕਮਲ'

## ਸਾਲਾਨਾ ਯਾਦ ਹਿਤ ਸਮਾਗਮ

ਦਾਸ ਦੀ ਮਾਤਾ ਜੀ ਪਿਛਲੇ ਸਾਲ 2 ਮਈ ਨੂੰ ਸਾਥੋਂ ਸਦਾ ਵਾਸਤੇ ਵਿਛੁੜ ਕੇ ਗੁਰਪੁਰੀ ਜਾ ਬਿਰਾਜੇ ਸਨ। ਓਹਨਾਂ ਦੀ ਸਾਲਾਨਾ ਯਾਦ ਹਿਤ ਕੀਰਤਨ ਸਮਾਗਮ ਰਖਿਆ ਗਿਆ ਹੈ।

ਸੋ ਸਰਬਤ ਸੰਗਤਾਂ ਦੀ ਸੇਵਾ ਵਿਚ ਜੋਦੜੀ ਹੈ, ਕਿ ਹੇਠ ਦਿਤੇ ਪ੍ਰੋਗਰਾਮ ਅਨੁਸਾਰ ਇਸ ਕੀਰਤਨ ਸਮਾਗਮ ਵਿਚ ਹਾਜ਼ਰੀਆਂ ਭਰਕੇ ਦਾਸ ਨੂੰ ਧੰਨਵਾਦੀ ਬਨਾਉ ਤੇ ਸਾਥੋਂ ਵਿਛੜੀ ਹੋਈ ਆਤਮਾ ਨੂੰ ਕੀਰਤਨ ਦੁਆਰਾ ਭੋਗ ਭੁੰਚਾਉ।

ਪਰੋਗਰਾਮ:—16 ਮਈ ਸ਼ੁਕਰਵਾਰ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ 18 ਮਈ ਐਤਵਾਰ ਭੋਗ ਸ੍ਰੀ ਅਖੰਡ ਪਾਠ ਉਪੰਰਤ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਪੂਰੀ ਸਮਾਪਤੀ 11 ਵਜੇ ਹੋਵੇਗੀ।

ਦਾਸ—ਪਿਆਰਾ ਸਿੰਘ
(ਮੈਨੇਜਰ 'ਸੂਰਾ')

ਮਾਰਫਤ—ਸ: ਦਰਸ਼ਨ ਸਿੰਘ ਅਰਜਨ ਨਗਰ, ਰਾਘੋਮਾਜਰਾ, ਪਟਿਆਲਾ।



www.AKJ.Org

# * ਇਕ ਅਦੁੱਤੀ ਸੁਗਾਤ *

## ਛਪ ਕੇ ਤਿਆਰ ਹੋ ਗਈ

## ਕੀ ?

## ਪੁਸਤਕ

# ਜੀਵਨ ਬ੍ਰਿਤਾਂਤ

## (ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ)

—: ਲੇਖਕ :—

ਭਾਈ ਸੁਰਜਨ ਸਿੰਘ ਜੀ ਗੁਜਰਵਾਲ

ਇਸ ਪੁਸਤਕ ਵਿਚ ਲੇਖਕ ਨੇ ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਸੰਬੰਧੀ ਵਿਸਥਾਰ ਪੂਰਬਕ ਹੱਡ-ਬੀਤੀ ਦਰਸਾਉਣ ਦਾ ਉਪਰਾਲਾ ਕੀਤਾ ਹੈ।

ਨੋਟ—ਪ੍ਰਚਾਰ ਹਿਤ ਵੰਡਣ ਵਾਲਿਆਂ ਲਈ 40 ਰੁਪੈ ਸੈਂਕੜਾ ਅਤੇ ਡਾਕ ਖ਼ਰਚ ਵੱਖਰਾ ਹੋਵੇਗਾ।

ਮਿਲਣ ਦਾ ਪਤਾ :—

## :ਸੂਰਾ ਪੁਸਤਕ ਭੰਡਾਰ:

## ਪਟਿਆਲਾ

ਭੇਟਾ 50 ਪੈਸੇ

www.AKJ.org

# {ਸਿਖ ਧਰਮ ਦੇ ਮੁਖ ਨਿਯਮ}

੧. ਧਰਮ ਦੀ ਕਿਰਤ ਕਰੋ।

੨. ਵੰਡ ਕੇ ਛਕੋ। ੩. ਨਾਮ ਜਪੋ।

੪. ਸਾਬਤ ਸੂਰਤ ਰਹੋ।

੫. ਸਿਗਰਟ ਤੰਬਾਕੂ ਤੇ ਹੋਰ ਨਸ਼ੇ ਨਾ ਵਰਤੋ।

੬. ਮਾਸ ਨਾ ਖਾਓ।

੭. ਪਰਾਈ ਇਸਤਰੀ ਨੂੰ ਮਾਂ, ਭੈਣ ਸਮਝੋ।

੮. ਖੰਡੇ ਦੀ ਪਾਹੁਲ ਛਕੋ।

੯. ਅੰਮ੍ਰਿਤਵੇਲੇ ਇਸ਼ਨਾਨ ਕਰਕੇ ਪੰਜ ਬਾਣੀਆਂ ਜਪੁਜੀ, ਜਾਪੁ, ਸਵੱਯੇ, ਚੌਪਈ ਤੇ ਅਨੰਦ ਸਾਹਿਬ ਦਾ ਪਾਠ ਨਿਤਨੇਮ ਕਰੋ।

੧੦. ਪੰਜ ਕਕਾਰੀ ਰਹਿਤ ਧਾਰਨ ਕਰੋ।
ਕੱਛ, ਕੜਾ, ਕ੍ਰਿਪਾਨ, ਕੰਘਾ, ਕੇਸਕੀ।
ਪੰਜ ਕਕਾਰੀ ਰਹਿਤ ਧਾਰੇ ਸਿੰਘ ਸੋਈ।

www.AKJ.Org